Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 224 | Wednesday, November 18, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਹਾਲ ਦੀ ਘੜੀ ਗ੍ਰੀਨ ਜ਼ੋਨ ਵਿੱਚ ਦਾਖਲ ਨਹੀਂ ਹੋ ਸਕੇਗਾ ਓਨਟਾਰੀਓ : ਐਲੀਅਟ

ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਅਤੇ ਛੁੱਟੀਆਂ ਦੇ ਮਾਹੌਲ ਵਿੱਚ ਪ੍ਰੋਵਿੰਸ ਦੀ ਸਿਹਤ ਮੰਤਰੀ ਨਾਲੋਂ ਚੀਫ ਮੈਡੀਕਲ ਆਫੀਸਰ ਜ਼ਿਆਦਾ ਉਤਸਾਹਿਤ ਹਨ ਤੇ ਸਕਾਰ-ਾਤਮਕ ਰੌਂਅ ਪ੍ਰਗਟਾਅ ਰਹੇ ਹਨ।

ਇਸ ਸਬੰਧ ਵਿੱਚ ਡਾ. ਡੇਵਿਡ ਵਿਲੀਅਮਜ਼ ਨੇ ਆਸ ਪ੍ਰਗਟਾਈ ਕਿ ਕ੍ਰਿਸਮਸ ਤੱਕ ਸਮੁੱਚਾ ਪ੍ਰੋਵਿੰਸ ਘੱਟ ਪਾਬੰਦੀਆਂ ਵਾਲੀ ਗ੍ਰੀਨ ਜ਼ੋਨ ਵਿੱਚ ਪਹੁੰਚ ਸਕਦਾ ਹੈ। ਪਰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੂੰ ਅਜਿਹਾ ਨਹੀਂ ਲੱਗਦਾ। ਐਲੀਅਟ ਨੇ ਆਖਿਆ ਕਿ ਇਸ ਮੌਕੇ ਅਜਿਹਾ ਆਖਣਾ ਸੰਭਵ ਨਹੀਂ ਹੈ। ਉਨ੍ਹਾਂ ਆਖਿਆ ਕਿ ਅਸੀਂ ਰੋਜ਼ਾਨਾ ਸਾਰੇ ਡਾਟਾ ਉੱਤੇ ਨਜ਼ਰ ਰੱਖ ਰਹੇ ਹਾਂ। ਅਸੀਂ ਉਨ੍ਹਾਂ ਇਲਾਕਿਆਂ ਦਾ ਖਾਸ ਖਿਆਲ ਰੱਖਦੇ ਹਾਂ ਜਿਨ੍ਹਾਂ ਉੱਤੇ ਵਧੇਰੇ




ਪਾਬੰਦੀਆਂ ਲਾਈਆਂ ਗਈਆਂ ਹਨ ਜਿਵੇਂ ਕਿ ਪੀਲ ਤੇ ਟੋਰਾਂਟੋ। ਐਲੀਅਟ ਨੇ ਆਖਿਆ ਕਿ ਡੇਵਿਡ ਦਾ ਰੌਂਅ ਕਾਫੀ ਸਕਾਰਾਤਮਕ ਹੈ ਪਰ ਇਹ ਉਨ੍ਹਾਂ ਦੇ ਸੁਭਾਅ ਵਿੱਚ ਹੀ ਸ਼ਾਮਲ ਹੈ।

ਉਨ੍ਹਾਂ ਆਖਿਆ ਕਿ ਡਾ. ਵਿਲੀਅਮਜ਼ ਤੇ ਉਨ੍ਹਾਂ ਦੀ ਟੀਮ ਆਉਣ ਵਾਲੇ ਹਫਤਿਆਂ ਵਿੱਚ ਨਵੀਂ ਸੇਧ ਨਾਲ ਸਾਹਮਣੇ ਆਵੇਗੀ। ਇਸ ਸਮੇਂ ਪੀਟਜਬੋਰੋ, ਚੈਟਮ-ਕੈਂਟ ਤੇ ਐਲਗੋਮਾ ਇਲਾਕੇ ਗ੍ਰੀਨ ਜ਼ੋਨ ਵਿੱਚ ਹਨ। ਪਰ ਕੋਵਿਡ-19 ਦੇ ਟਰਾਂਸਮਿਸ਼ਨ ਤੇ ਪਾਜ਼ੀਟਿਵ ਮਾਮਿ-ਲਆਂ ਦੀ ਦਰ ਕਾਰਨ ਟੋਰਾਂਟੋ, ਪੀਲ, ਹਾਲਟਨ ਤੇ ਯੌਰਕ ਰੈੱਡ ਜ਼ੋਨ ਵਿੱਚ ਹਨ।

ਐਲੀਅਟ ਨੇ ਆਖਿਆ ਕਿ ਅਸੀਂ ਸਾਰੇ ਵੀ ਚਾਹੁੰਦੇ ਹਾਂ ਕਿ ਇਨ੍ਹਾਂ ਛੁੱਟੀਆਂ ਤੋਂ ਪਹਿਲਾਂ ਸਮੁੱਚਾ ਓਨਟਾਰੀਓ ਗ੍ਰੀਨ ਜ਼ੋਨ ਵਿੱਚ ਆ ਜਾਵੇ। ਪਰ ਹਾਲ ਦੀ ਘੜੀ ਇਹ ਆਖਣਾ ਬਹੁਤ ਮੁਸ਼ਕਲ ਹੈ। ਉਨ੍ਹਾਂ ਆਖਿਆ ਕਿ ਜੇ ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਅਸੀਂ ਜਲਦ ਤੋਂ ਜਲਦ ਗ੍ਰੀਨ ਜ਼ੋਨ ਵਿੱਚ ਦਾਖਲ ਹੋਈਏ ਤਾਂ ਸਾਨੂੰ ਸਾਰਿਆਂ ਨੂੰ ਆਪੋ ਆਪਣੀ

## ਓਨਟਾਰੀਓ ਦੇ ਸਕੂਲਾਂ ਲਈ ਛੁੱਟੀਆਂ ਹੋ ਸਕਦੀਆਂ ਹਨ ਲੰਮੀਆਂ

ਓਨਟਾਰੀਓ, 17 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਦਸੰਬਰ ਵਿੱਚ ਸਕੂਲਾਂ ਨੂੰ ਹੋਣ ਵਾਲੀਆਂ ਛੁੱਟੀਆਂ ਵਿੱਚ ਵਾਧਾ ਕਰਨ ਦੀ ਯੋਜਨਾ ਉੱਤੇ ਕੰਮ ਕਰ ਰਹੀ ਹੈ।

ਕੁਈਨਜ਼ ਪਾਰਕ ਵਿੱਚ ਗੱਲ ਕਰਦਿਆਂ ਸਟੀਫਨ ਲਿਚੇ ਨੇ ਆਖਿਆ ਕਿ ਇਸ ਸਬੰਧ ਵਿੱਚ ਫੈਸਲਾ ਅਗਲੇ ਇੱਕ ਦੋ ਹਫਤਿਆਂ ਵਿੱਚ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਆਖਿਆ ਕਿ ਸਕੂਲਾਂ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਤੇ ਸੈਕਿੰਡ ਸਮੈਸਟਰ ਨੂੰ ਸੇਫ ਬਣਾਉਣ ਲਈ ਅਸੀਂ ਕੰਮ ਕਰ ਰਹੇ ਹਾਂ। ਲਿਚੇ ਨੇ ਆਖਿਆ ਕਿ ਫੋਰਡ ਸਰਕਾਰ ਨੇ ਮਹਾਂਮਾਰੀ ਦੌਰਾਨ ਕਾਬਿਲੇ ਤਾਰੀਫ ਕੰਮ ਕੀਤਾ ਹੈ ਤੇ ਉਨ੍ਹਾਂ ਆਖਿਆ ਕਿ ਛੁੱਟੀਆਂ ਵਿੱਚ ਕਿਸੇ ਕਿਸਮ ਦਾ ਵਾਧਾ ਕ੍ਰਿਸਮਸ ਦੇ



ਨੇੜੇ ਤੇੜੇ ਹੀ ਹੋਵੇਗਾ।

ਸਿੱਖਿਆ ਮੰਤਰੀ ਨੇ ਆਖਿਆ ਕਿ ਉਹ ਐਜੂਕੇਟਰਜ਼ ਤੇ ਮਾਪਿਆਂ ਨੂੰ ਇਸ ਸਬੰਧ ਵਿੱਚ ਪਹਿਲਾਂ ਜਾਣੂ ਕਰਵਾਉਣਗੇ। ਜ਼ਿਕਰਯੋਗ ਹੈ ਕਿ ਇਹ ਖਬਰਾਂ ਆ ਰਹੀਆਂ ਸਨ ਕਿ ਮਾਰਚ ਵਾਂਗ ਹੀ ਇੱਕ ਵਾਰੀ ਫਿਰ ਸਕੂਲ ਬੰਦ ਕਰ ਦਿੱਤੇ ਜਾਣਗੇ। ਪਰ ਇਸ ਉੱਤੇ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਇਸ ਮੌਕੇ ਉਨ੍ਹਾਂ ਦੀ ਸਰਕਾਰ ਦੁਬਾਰਾ ਅਜਿਹਾ ਕਰਨ ਲਈ ਤਿਆਰ ਨਹੀਂ ਹੈ।

## ਬੇਕਰੀ ਦੇ ਬਾਹਰ ਵਾਪਰੇ ਗੋਲੀਕਾਂਡ ਦੇ ਸਬੰਧ ਵਿੱਚ 3 ਟੀਨੇਜਰ ਗ੍ਰਿਫਤਾਰ



ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਸਤੰਬਰ ਵਿੱਚ ਟੋਰਾਂਟੋ ਵਿੱਚ ਹੋਈ ਸ਼ੂਟਿੰਗ ਦੇ ਸਬੰਧ ਵਿੱਚ ਤਿੰਨ ਟੀਨੇਜਰ ਲੜਕਿਆਂ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸ਼ੂਟਿੰਗ ਚੱਲਦੀ ਗੱਡੀ ਵਿੱਚ ਕੀਤੀ ਗਈ ਸੀ।

ਐਗਲਿੰਟਨ ਤੇ ਐਲਨ ਰੋਡ ਇਲਾਕੇ ਵਿੱਚ ਸਥਿਤ ਬੇਕਰੀ ਦੇ ਬਾਹਰ ਇਹ ਘਟਨਾ ਵਾਪਰੀ ਤੇ ਛੇ ਵਿਅਕਤੀ ਇਸ ਵਿੱਚ ਜ਼ਖ਼ਮੀ ਹੋ ਗਏ। ਪੁਲਿਸ ਨੇ ਦੱਸਿਆ ਕਿ ਸਪੈਂਸ ਬੇਕਰੀ ਦੇ ਸਾਹਮਣਿਓਂ ਲੰਘਦਿਆਂ ਹੋਇਆਂ ਇੱਕ ਗੱਡੀ ਵਿੱਚੋਂ ਕਈ ਗੋਲੀਆਂ ਦਾਗੀਆਂ ਗਈਆਂ। ਜਿਸ ਕਾਰਨ ਪੰਜ ਪੁਰਸ਼ਾਂ ਤੇ ਇੱਕ ਮਹਿਲਾ ਜ਼ਖ਼ਮੀ ਹੋ ਗਏ ਪਰ ਕਿਸੇ ਦੇ ਵੀ ਜ਼ਖ਼ਮ ਜਾਨਲੇਵਾ ਨਹੀਂ ਸਨ। ਹੁਣ ਤੱਕ ਸਾਰੇ ਸਿਹਤਯਾਬ ਵੀ ਹੋ ਚੁੱਕੇ ਹਨ।

ਇਸ ਘਟਨਾ ਉੱਤੇ ਉਸ ਸਮੇਂ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਮੇਅਰ ਜੌਹਨ ਟੋਰੀ ਨੇ ਆਖਿਆ ਸੀ ਕਿ ਇਹ ਘਟਨਾ ਕਾਫੀ ਖਤਰਨਾਕ ਸੀ। ਮਸ਼ਕੂਕਾਂ ਵਿੱਚੋਂ ਇੱਕ ਲੰਡਨ, ਓਨਟਾਰੀਓ ਦੀ 18 ਸਾਲਾ ਇਲੀਆ ਆਯੋ ਤੇ ਬਾਕੀ ਦੋ ਬਰੈਂਪਟਨ ਤੇ ਟੋਰਾਂਟੋ ਨਾਲ ਸਬੰਧਤ ਦੋ 16 ਸਾਲਾ ਮਸ਼ਕੂਕ ਹਨ। ਇਨ੍ਹਾਂ ਵਿੱਚੋਂ ਹਰੇਕ ਨੂੰ ਕਈ ਵਾਰੀ ਚਾਰਜ ਕੀਤਾ ਜਾ ਚੁੱਕਿਆ ਹੈ। ਇਸ ਮਾਮਲੇ ਦੀ ਜਾਂਚ ਅਜੇ ਵੀ ਚੱਲ ਰਹੀ ਹੈ।

## ਇਤਰਾਜ਼ ਉਠਣ ਤੋਂ ਬਾਅਦ ਸ਼ੀਅਰ ਨੇ ਆਪਣੀ ਸਾਲੀ ਨੂੰ ਨੌਕਰੀ ਤੋਂ ਕੱਢਿਆ

ਓਟਵਾ, 17 ਨਵੰਬਰ (ਪੋਸਟ ਬਿਊਰੋ) : ਸਾਬਕਾ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ ਆਪਣੀ ਸਾਲੀ ਨੂੰ ਆਪਣੇ ਹਲਕਾ ਆਫਿਸ ਵਿੱਚ ਨੌਕਰੀ ਉੱਤੇ ਰੱਖੇ ਜਾਣ ਦੇ ਸਬੰਧ ਵਿੱਚ ਸਵਾਲ ਉੱਠਣ ਤੋਂ ਬਾਅਦ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ।

ਸਸਕੈਚਵਨ ਤੋਂ ਐਮਪੀ ਐਂਡਰਿਊ ਸ਼ੀਅਰ ਨੇ ਮੰਗਲਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਆਖਿਆ ਕਿ ਉਸ ਦੀ ਸਾਲੀ ਐਰਿਕਾ ਹੋਨੋਵੇਅ ਉਨ੍ਹਾਂ ਦੇ ਰੇਜਾਇਨਾ ਸਥਿਤ ਆਫਿਸ ਵਿੱਚ ਕੌਂਸਟੀਚੁਐਂਸੀ ਅਸਿਸਟੈਂਟ ਵਜੋਂ 2007 ਤੋਂ ਕੰਮ ਕਰ ਰਹੀ ਹੈ। ਸ਼ੀਅਰ ਨੇ ਆਖਿਆ ਕਿ ਉਸ ਨੂੰ ਨੌਕਰੀ ਛੱਡਣ ਲਈ ਆਖ ਦਿੱਤਾ ਗਿਆ ਹੈ। ਸ਼ੀਅਰ ਨੇ ਆਖਿਆ ਕਿ ਇਸ ਮਾਮਲੇ ਵਿੱਚ ਸਿਰਫ ਨਿਯਮਾਂ ਦੀ ਪਾਲਣਾ ਕਰਨਾ ਹੀ ਕਾਫੀ ਨਹੀਂ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਐਰਿਕਾ ਨਾਲ ਮੁਲਾਕਾਤ ਕਰਕੇ ਉਸ ਨੂੰ ਆਫਿਸ ਤੇ ਆਪਣਾ ਅਹੁਦਾ ਛੱਡਣ ਲਈ ਆਖ ਦਿੱਤਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਐਂਡਰਿਊ ਸ਼ੀਅਰ ਵੱਲੋਂ ਆਪਣੇ ਲਈ ਕੰਮ ਕਰਨ ਵਾਸਤੇ ਆਪਣੇ ਹੀ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਣ ਲਈ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਕਰਨ ਵਰਗੇ ਸਵਾਲ ਵੀ ਉੱਠ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਕੰਜ਼ਰਵੇਟਿਵ ਆਗੂ ਨੇ ਆਪਣੀ ਭੈਣ ਨੂੰ ਉਸ ਸਮੇਂ ਚਾਰ ਸਾਲਾਂ ਦੇ ਅਰਸੇ ਲਈ ਨੌਕਰੀ ਉੱਤੇ ਰੱਖਿਆ ਸੀ ਜਦੋਂ ਉਹ ਹਾਊਸ ਆਫ ਕਾਮਨਜ਼ ਵਿੱਚ ਸਪੀਕਰ ਤੇ ਡਿਪਟੀ ਸਪੀਕਰ ਵਜੋਂ ਸੇਵਾ ਨਿਭਾਅ ਰਹੇ ਸਨ।

ਉਸ ਸਮੇਂ ਆਪਣੇ ਭੈਣ ਭਰਾਵਾਂ ਨੂੰ ਨੌਕਰੀ ਦੇਣਾ ਨਿਯਮਾਂ ਦੇ ਖਿਲਾਫ ਨਹੀਂ ਸੀ। ਨਿਯਮ ਬਦਲਣ ਤੋਂ ਬਾਅਦ ਸ਼ੀਅਰ ਦੀ ਭੈਣ ਕੰਜ਼ਰਵੇਟਿਵ ਸੈਨੇਟਰ ਕੋਲ ਕੰਮ ਕਰਨ ਲਈ ਚਲੀ ਗਈ। ਇਹ ਵਿਵਾਦ ਉਦੋਂ ਛਿੜਿਆ ਜਦੋਂ ਇਹ ਖਬਰਾ ਸਾਹਮਣੇ ਆਈਆਂ ਕਿ ਸ਼ੀਅਰ ਵੱਲੋਂ ਆਪਣੀ ਸਾਲੀ ਨੂੰ ਵੀ ਪਿਛਲੇ 13 ਸਾਲਾਂ ਤੋਂ ਰੇਜਾਈਨਾ ਸਥਿਤ



ਕੌਂਸਟੀਚੁਐਂਸੀ ਆਫਿਸ ਵਿੱਚ ਰੱਖਿਆ ਹੋਇਆ ਹੈ। ਇਸ ਦੇ ਬਦਲੇ ਵਿੱਚ ਸ਼ੀਅਰ ਦੀ ਸਾਲੀ ਨੇ ਆਪਣੀ ਭੈਣ ਯਾਨੀ ਕਿ ਸ਼ੀਅਰ ਦੀ ਪਤਨੀ ਨੂੰ ਆਪਣੀ ਇੰਟੀਰੀਅਰ ਡਿਜ਼ਾਈਨ ਕੰਪਨੀ ਵਿੱਚ ਰੱਖਿਆ ਹੋਇਆ ਹੈ। ਭਾਵੇਂ ਸ਼ੀਅਰ ਵੱਲੋਂ ਆਪਣੀ ਸਾਲੀ ਨੂੰ ਵੀ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਪਰ ਉਨ੍ਹਾਂ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਸਾਰੇ ਨਿਯਮਾਂ ਦੀ ਪਾਲਣਾ ਕੀਤੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਮਾਮਲੇ ਵਿੱਚ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਲਿਬਰਲਾਂ ਵੱਲੋਂ ਇਸ ਮਾਮਲੇ ਨੂੰ ਚਿੰਤਾ ਦਾ ਵਿਸ਼ਾ ਦੱਸਦਿਆਂ ਹੋਇਆਂ ਇਸ ਮੁੱਦੇ ਨੂੰ ਬੋਰਡ ਆਫ ਇੰਟਰਨਲ ਇਕੌਨਮੀ ਕੋਲ ਉਠਾਉਣ ਦੀ ਯੋਜਨਾ ਬਣਾਈ ਗਈ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axsel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Royal Pest Control
Residential | Commercial | Industrial
Specialist in Bedbugs Service
All Pest Control :
Mouse & Rats - Spiders & Fleas - Bedbugs - Wasps
Cockroaches - Carpenter Ants - Silver Fish - Racoons
Call : PARESH PATEL
416 938 4598

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Toll Free: 1833 823 5439 | 647 783 0049

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਾਹਫਾਈ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


BLACK FRIDAY
SALE ON NOW!
GET 50% OFF LG K20
*WHEN YOU ACTIVATE A $40/MO
DATA, TALK, & TEXT PLAN OR HIGHER
12:30
20-09-2019
chatr™
AUTHORIZED DEALER
379 Main St. North | Brampton ON
2456 Lake shore Blvd W. | Toronto ON
905-451-0379
*Offer available from November 27th - November 30th, 2020 and redeemable only at the above participating location(s) and subject to change without notice. Only applicable to new activations on a $40/mo or higher Data, Talk & Text plan or higher. Taxes are extra and while quantities last.™ Trademarks used under license © 2020

# ਓਕਵੁੱਡ-ਵਾਅਨ ਨੇੜੇ ਘਰ ਨੂੰ ਲੱਗੀ ਅੱਗ, ਇੱਕ ਹਲਾਕ

ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਓਕਵੁੱਡ-ਵਾਅਨ ਇਲਾਕੇ ਵਿੱਚ ਇੱਕ ਘਰ ਨੂੰ ਲੱਗੀ ਜ਼ਬਰਦਸਤ ਅੱਗ ਕਾਰਨ ਇੱਕ ਵਿਅਕਤੀ ਮ੍ਰਿਤਕ ਪਾਇਆ ਗਿਆ ਤੇ ਜ਼ਖ਼ਮੀ ਹੋਣ ਕਾਰਨ ਇੱਕ ਫਾਇਰ ਫਾਈਟਰ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਪੁਲਿਸ ਨੇ ਦੱਸਿਆ ਕਿ ਮੰਗਲਵਾਰ ਦੁਪਹਿਰ ਨੂੰ ਫਾਇਰ ਅਮਲੇ ਨੂੰ ਵੈਸਟਮਾਊਂਟ ਐਵਨਿਊ ਤੇ ਰੌਜਰਜ਼ ਰੋਡ ਇਲਾਕੇ ਵਿੱਚ ਦੁਪਹਿਰ 2:00 ਵਜੇ ਸੱਦਿਆ ਗਿਆ। ਟੋਰਾਂਟੋ ਫਾਇਰ ਨੇ ਦੱਸਿਆ ਕਿ ਅੱਗ ਘਰ ਦੀ ਬੇਸਮੈਂਟ ਤੋਂ ਸ਼ੁਰੂ ਹੋਈ ਤੇ ਸਾਰੇ ਘਰ ਤੇ ਗੈਰਾਜ ਵਿੱਚ ਫੈਲ ਗਈ। ਫਾਇਰ ਅਮਲੇ ਨੂੰ ਸੰਘਣੇ ਕਾਲੇ ਧੂੰਏ ਦਾ ਸਾਹਮਣਾ ਕਰਨਾ ਪਿਆ। ਬਾਅਦ ਵਿੱਚ ਅੱਗ ਨੂੰ ਟੂ ਅਲਾਰਮ ਐਲਾਨ ਦਿੱਤਾ ਗਿਆ।




ਅੱਗ ਨਾਲ ਲੱਗਦੇ ਘਰ ਦੀ ਛੱਤ ਉੱਤੇ ਵੀ ਫੈਲ ਗਈ ਪਰ ਜਲਦੀ ਹੀ ਉਸ ਉੱਤੇ ਕਾਬੂ ਪਾ ਲਿਆ ਗਿਆ। ਅੱਗ ਉੱਤੇ ਕਾਬੂ ਪਾ ਲਏ ਜਾਣ ਤੋਂ ਬਾਅਦ ਪੁਲਿਸ ਨੂੰ ਘਰ ਦੇ ਅੰਦਰੋਂ ਇੱਕ ਲਾਸ਼ ਮਿਲੀ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਅੱਗ ਲੱਗਣ ਦਾ ਕਾਰਨ ਕੀ ਸੀ।

# ਕੋਵਿਡ-19 ਵੈਕਸੀਨ ਦੀ ਵੰਡ ਲਈ ਕੈਨੇਡੀਅਨ ਮਿਲਟਰੀ ਕਰੇਗੀ ਮਦਦ



ਓਟਵਾ, 17 ਨਵੰਬਰ (ਪੋਸਟ ਬਿਊਰੋ) : ਕੈਨੇਡੀਅਨ ਮਿਲਟਰੀ ਦਾ ਕਹਿਣਾ ਹੈ ਕਿ ਕੋਵਿਡ-19 ਸਬੰਧੀ ਵੈਕਸੀਨ ਦੇਸ਼ ਭਰ ਵਿੱਚ ਵੰਡਣ ਵਿੱਚ ਮਦਦ ਲਈ ਉਹ ਤਿਆਰ ਹੈ।

ਹੁਣ ਜਦੋਂ ਸਮਰੱਥ ਵੈਕਸੀਨ ਤਿਆਰ ਹੋਣ ਦੀਆਂ ਖਬਰਾਂ ਰੋਜ਼ ਸੁਰਖੀਆਂ ਬਟੋਰ ਰਹੀਆਂ ਹਨ ਤਾਂ ਮਿਲਟਰੀ ਟੀਮਾਂ ਵੀ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਨਾਲ ਰਲ ਕੇ ਆਪਣਾ ਯੋਗਦਾਨ ਪਾਉਣ ਲਈ ਪੱਬਾਂ ਭਾਰ ਨਜ਼ਰ ਆ ਰਹੀ ਹੈ। ਇੱਕ ਵਾਰੀ ਹੈਲਥ ਕੈਨੇਡਾ ਵੱਲੋਂ ਇਸ ਵੈਕਸੀਨ ਨੂੰ ਮਨਜ਼ੂਰੀ ਦੇ ਦਿੱਤੇ ਜਾਣ ਤੋਂ ਬਾਅਦ ਕਈ ਮਿਲੀਅਨ ਕੈਨੇਡੀਅਨਾਂ ਤੱਕ ਵੈਕਸੀਨ ਪਹੁੰਚਾਉਣ ਦੀ ਜ਼ਿੰਮੇਵਾਰੀ ਲੈਣ ਲਈ ਮਿਲਟਰੀ ਪੂਰੀ ਤਰ੍ਹਾਂ ਤਿਆਰ ਹੈ।

ਕੱਲ੍ਹ ਹਾਊਸ ਆਫ ਕਾਮਨਜ਼ ਦੀ ਨੈਸ਼ਨਲ ਡਿਫੈਂਸ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਕੈਨੇਡੀਅਨ ਆਰਮਡ ਫੋਰਸਿਜ਼ ਸਟਰੈਟੇਜਿਕ ਜੁਆਇੰਟ ਡਾਇਰੈਕਟਰ ਆਫ ਸਟਾਫ ਮੇਜਰ ਜਨਰਲ ਟਰੈਵਰ ਕੈਡੀਊ ਨੇ ਆਖਿਆ ਕਿ ਫੌਜ ਇਸ ਕੰਮ ਵਿੱਚ ਆਪਣਾ ਯੋਗਦਾਨ ਜ਼ਰੂਰ ਪਾਵੇਗੀ। ਇਸ ਸਬੰਧ ਵਿੱਚ ਅਸੀਂ ਯੋਜਨਾ ਵੀ ਉਲੀਕ ਲਈ ਹੈ। ਉਨ੍ਹਾਂ ਐਮਪੀਜ਼ ਨੂੰ ਦੱਸਦਿਆਂ ਆਖਿਆ ਕਿ ਅਸੀਂ ਨੈਸ਼ਨਲ ਆਪਰੇਸ਼ਨ ਸੈਂਟਰ ਕਾਇਮ ਕਰਨ ਵਿੱਚ ਵੀ ਮਦਦ ਕਰ ਰਹੇ ਹਾਂ ਜੋ ਕਿ ਵੈਕਸੀਨ ਦੀ ਵੰਡ ਦੇ ਸਾਰੇ ਕੰਮ ਦੀ ਨਜ਼ਰਸਾਨੀ ਕਰੇਗਾ। ਇਸ ਕੰਮ ਲਈ ਚੀਫ ਆਫ ਦ ਡਿਫੈਂਸ ਸਟਾਫ ਜਨਰਲ ਜੌਨਾਥਨ ਵਾਂਸ ਨੇ ਆਪਣੇ ਬਿਹਤਰੀਨ ਪਲੈਨਰਜ਼ ਦੀ ਟੀਮ ਭੇਜੀ ਹੈ।

# ਸਕਾਰਬੌਰੋ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਹਲਾਕ ਇੱਕ ਜ਼ਖ਼ਮੀ



ਸਕਾਰਬੌਰੋ, 17 ਨਵੰਬਰ (ਪੋਸਟ ਬਿਊਰੋ) : ਕੱਲ੍ਹ ਦੇਰ ਰਾਤ ਨੂੰ ਸਕਾਰਬੌਰੋ ਦੇ ਪੋਰਟ ਯੂਨੀਅਨ ਇਲਾਕੇ ਵਿੱਚ ਤੇਜ਼ਧਾਰ ਹਥਿਆਰ ਨਾਲ ਕੀਤੇ ਗਏ ਹਮਲੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ।

ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੋਰਟ ਯੂਨੀਅਨ ਰੋਡ ਤੇ ਫੈਨਫੇਅਰ ਐਵਨਿਊ ਵਿੱਚ ਉਸ ਸਮੇਂ ਸੱਦਿਆ ਗਿਆ ਜਦੋਂ ਇੱਕ ਰਾਹ ਜਾਂਦੇ ਵਿਅਕਤੀ ਨੇ ਇੱਕ ਮਹਿਲਾ ਨੂੰ ਤੇਜ਼ ਧਾਰ ਹਥਿਆਰ ਨਾਲ ਕੀਤੇ ਗਏ ਵਾਰਾਂ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਪਾਇਆ।

ਮਹਿਲਾ ਤੋਂ ਥੋੜ੍ਹੀ ਦੂਰੀ ਉੱਤੇ ਹੀ ਇੱਕ ਵਿਅਕਤੀ ਵੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਿਆ ਸੀ। ਉਸ ਉੱਤੇ ਵੀ ਤੇਜ਼ ਧਾਰ ਹਥਿਆਰ ਨਾਲ ਵਾਰ ਕੀਤੇ ਗਏ ਸਨ। ਬਾਅਦ ਵਿੱਚ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਹੋਰ ਕਿਸੇ ਦੀ ਭਾਲ ਨਹੀਂ ਕੀਤੀ ਜਾ ਰਹੀ।

ਜਿੱਥੇ ਇਹ ਦੋਵੇਂ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਪਾਏ ਗਏ ਉੱਥੋਂ ਕੁੱਝ ਦੂਰੀ ਉੱਤੇ ਸਥਿਤ ਘਰ ਦੇ ਲਿਵਿੰਗ ਰੂਮ ਦੀ ਜਾਂਚ ਕਰਦੇ ਹੋਏ ਫੋਰੈਂਸਿਕ ਆਫੀਸਰ ਵੇਖੇ ਗਏ।

# ਮਾਰਖਮ ਦੇ ਪ੍ਰਾਈਵੇਟ ਕਾਲਜ ਘਪਲੇ ਵਿੱਚ ਨੌਂ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਮਾਰਖਮ, 17 ਨਵੰਬਰ (ਪੋਸਟ ਬਿਊਰੋ) : ਮਾਰਖਮ ਸਥਿਤ ਇੱਕ ਪ੍ਰਾਈਵੇਟ ਕਰੀਅਰ ਕਾਲਜ ਵਿੱਚ ਹੋਏ ਕਥਿਤ ਫਰਾਡ ਦੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਐਂਟੀ ਰੈਕੇਟਸ ਬ੍ਰਾਂਚ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਰੌਇਲ ਇੰਸਟੀਚਿਊਟ ਆਫ ਸਾਇੰਸ ਐਂਡ ਮੈਨੇਜਮੈਂਟ (ਆਰ ਆਈ ਐਸ ਐਮ)ਨਾਲ ਸਬੰਧਤ ਨੌਂ ਵਿਅਕਤੀਆਂ ਉੱਤੇ ਚਾਰਜਿਜ਼ ਲਾਏ ਗਏ ਹਨ। ਇਹ ਦੋਸ਼ ਲਾਇਆ ਗਿਆ ਹੈ ਕਿ ਛੇ ਸਾਲਾਂ ਦੇ ਅਰਸੇ ਵਿੱਚ ਸਕੂਲ ਦੇ ਮਾਲਕਾਂ ਤੇ ਇੰਪਲੌਈਜ਼ ਵੱਲੋਂ ਵਿਦਿਆਰਥੀਆਂ ਨੂੰ ਓਨਟਾਰੀਓ ਸਰਕਾਰ ਦੇ ਸੈਕਿੰਡ ਕਰੀਅਰ ਫੰਡਿੰਗ ਪ੍ਰੋਗਰਾਮ ਵਾਸਤੇ ਅਪਲਾਈ ਕਰਨ ਲਈ ਰਕਰੂਟ ਕੀਤਾ ਗਿਆ। ਇਹ ਪ੍ਰੋਗਰਾਮ ਬੇਰੋਜ਼ਗਾਰ ਵਰਕਰਜ਼ ਵੱਲੋਂ ਮੁੜ ਨਵੇਂ ਸਕਿੱਲਜ਼ ਸਿੱਖਣ ਲਈ ਤਿਆਰ ਕੀਤਾ ਗਿਆ ਤਾਂ ਕਿ ਉਹ ਖੁਦ ਨੂੰ ਵਰਕ ਫੋਰਸ ਵਿੱਚ ਮੁੜ ਸ਼ਾਮਲ ਕਰਨ ਦੇ ਯੋਗ ਹੋ ਸਕਣ। ਇਸ ਪ੍ਰੋਗਰਾਮ ਤਹਿਤ ਚੁਣੇ ਜਾਣ ਵਾਲੇ ਹਰ ਸ਼ਖਸ ਨੂੰ ਟਿਊਸ਼ਨ, ਕਿਤਾਬਾਂ ਤੇ ਰਹਿਣ ਦੇ ਹੋਰ ਖਰਚਿਆਂ ਲਈ 28 ਹਜ਼ਾਰ ਡਾਲਰ ਫੰਡ ਦਿੱਤੇ ਜਾਂਦੇ ਹਨ। ਪੁਲਿਸ ਨੇ ਦੱਸਿਆ ਕਿ ਫਿਰ ਵਿਦਿਆਰਥੀ ਇਨ੍ਹਾਂ ਫੰਡਾਂ ਰਾਹੀਂ ਹਾਸਲ ਰਕਮ ਨੂੰ ਟਿਊਸ਼ਨ ਦੇ ਰੂਪ ਵਿੱਚ ਆਰ ਆਈ ਐਸ ਐਮ ਨੂੰ ਦਿੰਦੇ ਸਨ। ਫਿਰ ਵਿਦਿਆਰਥੀਆਂ ਨੂੰ ਬਾਕਾਇਦਾ ਡਿਪਲੋਮਾ ਦਿੱਤਾ ਜਾਂਦਾ ਸੀ ਫਿਰ ਭਾਵੇਂ ਉਨ੍ਹਾਂ ਕੋਈ ਕਲਾਸ ਲਾਈ ਹੋਵੇ ਜਾਂ ਨਾ ਤੇ ਜਾਂ ਫਿਰ ਕੋਈ ਟਰੇਨਿੰਗ ਨਾ ਵੀ ਹਾਸਲ ਕੀਤੀ ਹੋਵੇ।




ਇਸ ਮਾਮਲੇ ਵਿੱਚ ਅੱਠ ਇੰਪਲੌਇਜ਼ ਤੇ ਇੱਕ ਸਾਬਕਾ ਵਿਦਿਆਰਥੀ ਨੂੰ 5000 ਡਾਲਰ ਤੋਂ ਵੱਧ ਦੇ ਫਰਾਡ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

- Michael Ostroff, 73, from Etobicoke
- Wei (Raymond) Xu, 58, from Richmond Hill
- Ming-ya (Kathy) Kennedy, 56, from Cobourg
- Deguang (Derek) Chen, 56, from Toronto
- Ye (Parker) Liu, 54, from Markham
- Octavian Calin Lucaciu, 54, from Oakville
- Xue (Sherry) Hang, 51, from Richmond Hill
- Jue (Judy) Li, 37, from Richmond Hill
- Jing (Mary) Bian, 34, from Thornhill

ਇਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ। ਇਨ੍ਹਾਂ ਸਾਰਿਆਂ ਨੂੰ 14 ਜਨਵਰੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਕਤਲ ਦੇ ਤਿੰਨ ਵੱਖ ਵੱਖ ਮਾਮਲਿਆਂ ਦੇ ਸਬੰਧ ਵਿੱਚ ਇੱਕ ਵਿਅਕਤੀ ਗ੍ਰਿਫਤਾਰ

ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ ਕਤਲ ਦੇ ਤਿੰਨ ਵੱਖ ਵੱਖ ਮਾਮਲਿਆਂ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਪਿੱਛੇ ਜਿਹੇ ਇੱਕ 12 ਸਾਲਾ ਲੜਕੇ ਦੀ ਜਾਨ ਲੈਣ ਦੇ ਸਬੰਧ ਵਿੱਚ ਵਾਪਰੀ ਘਟਨਾ ਲਈ ਵੀ ਸਬੰਧਤ ਵਿਅਕਤੀ ਨੂੰ ਹੀ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਹੋਮੀਸਾਈਡ ਯੂਨਿਟ ਦੇ ਹੈਂਕ ਇਸਿੰਗਾ ਨੇ ਦੱਸਿਆ ਕਿ 27 ਸਾਲਾ ਸੀਜੇਅ ਹੌਬਜ਼ ਦੀ ਪੈੜ ਨੱਪਦਿਆਂ ਹੋਇਆਂ ਜਾਂਚਕਾਰਾਂ ਨੇ ਉਸ ਨੂੰ ਹੈਲੀਫੈਕਸ, ਨੋਵਾ ਸਕੋਸ਼ੀਆ ਤੋਂ ਗ੍ਰਿਫਤਾਰ ਕੀਤਾ। ਉਸ ਉੱਤੇ ਤਿੰਨ ਕਤਲ ਦੇ ਮਾਮਲਿਆਂ ਵਿੱਚ ਫਰਸਟ ਡਿਗਰੀ ਮਰਡਰ ਚਾਰਜਿਜ਼ ਲਾਏ ਗਏ ਹਨ। ਇਡਸਿੰਗਾ ਨੇ ਦੱਸਿਆ ਕਿ ਘਾਤਕ ਹਮਲੇ ਲਈ ਮੌਜੂਦ ਗੱਡੀ ਦਾ ਡਰਾਈਵਰ ਹੌਬਜ਼ ਹੀ ਸੀ। ਸ਼ਨਿੱਚਰਵਾਰ ਦੁਪਹਿਰ ਨੂੰ ਜੇਨ ਤੇ ਸਟੌਂਗ ਕੋਰਟ ਨੇੜੇ ਵਾਪਰੀ ਗੋਲੀਕਾਂਡ ਦੀ ਘਟਨਾ, ਜਿਸ ਵਿੱਚ ਇੱਕ 12 ਸਾਲਾ ਲੜਕੇ ਦੀ ਮੌਤ ਹੋ ਗਈ, ਦੇ ਸਬੰਧ ਵਿੱਚ ਦੋ ਮਸ਼ਕੂਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਾਂਚਕਾਰਾਂ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਿਆ ਕਿ ਮਸ਼ਕੂਕ ਹੋਰਨਾਂ ਸ਼ੂਟਿੰਗਜ਼ ਲਈ ਵੀ ਜ਼ਿੰਮੇਵਾਰ ਹੋਣਗੇ। ਨਤੀਜੇ ਵਜੋਂ ਟੋਰਾਂਟੋ ਦੇ 24 ਸਾਲਾ ਰਾਸਾਅਨ ਚੇਂਬਰਜ਼ ਤੇ 25 ਸਾਲਾ ਜਾਹਵੇਨ ਸਮਾਰਟ, ਜਿਸ ਦਾ ਕੋਈ ਪੱਕਾ ਟਿਕਾਣਾ ਨਹੀਂ ਹੈ, ਉੱਤੇ ਫਰਸਟ ਡਿਗਰੀ ਮਰਡਰ ਸਮੇਤ ਕਈ ਹੋਰ ਚਾਰਜਿਜ਼ ਲਾਏ ਗਏ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਕਾਂਗਰਸ ਪਾਰਟੀ ਵਿੱਚ ਘਮਸਾਨ ਛਿੜਿਆ,
ਹਾਈ-ਕਮਾਂਡ ਕਟਹਿਰੇ ਵਿੱਚ ਖੜੀ ਮੀਆਂ।
ਬਿਹਾਰ ਚੋਣਾਂ ਵਿੱਚ ਹੋਈ ਜਦ ਹਾਰ ਤਕੜੀ,
ਕਾਂਗਰਸ ਲੀਡਰਾਂ ਨੂੰ ਚਿੱਪ ਸੀ ਚੜ੍ਹੀ ਮੀਆਂ।
ਕਹਿੰਦੇ ਪਾਰਟੀ ਖਿਸਕੀ ਨਹੀਂ ਕਿਤੇ ਅੱਗੇ,
ਗੱਡੀ ਪਹਿਲੇ ਹੀ ਪਿੰਡ ਪਈ ਖੜੀ ਮੀਆਂ।
ਹਰ ਕੋਈ ਰਾਹੁਲ 'ਤੇ ਲਾਂਵਦਾ ਚੋਭ ਮਿਲਦਾ,
ਜਿਸਦੀ ਅਕਲ ਚੌਰਾਹੇ ਵਿੱਚ ਅੜੀ ਮੀਆਂ।
ਕਰਨਾ ਪ੍ਰਚਾਰ ਸੀ ਜਿੱਦਣ ਬਿਹਾਰ ਦੇ ਵਿੱਚ,
ਤੁਰ ਗਿਆ ਸੀਗਾ ਮੈਦਾਨ ਤੋਂ ਬਾਹਰ ਮੀਆਂ।
ਛੁੱਟੀਆਂ ਕੱਟਣ ਲਈ ਗਿਆ ਪਹਾੜ ਉੱਪਰ,
ਨੇੜੇ-ਤੇੜੇ ਨਹੀਂ ਲੱਭੀ ਕੋਈ ਠਾਹਰ ਮੀਆਂ।

**ਤੀਸ ਮਾਰ ਖਾਂ**

# ਅਕਾਲ ਤਖਤ ਦੇ ਜਥੇਦਾਰ ਨੂੰ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਤੋੜੇ ਜਾਣ ਦਾ ਸ਼ੱਕ

*** ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੇ ਪੱਖ ਵਿੱਚ ਨਿੱਤਰਨ ਦਾ ਸੱਦਾ**



ਅੰਮ੍ਰਿਤਸਰ, 17 ਨਵੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਸਭ ਤੋਂ ਪਹਿਲੀ ਅਤੇ ਸਿੱਖਾਂ ਦੀ ਸਭ ਤੋਂ ਵੱਡੀ ਚੁਣੀ ਹੋਈ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਦਾ ਸ਼ਤਾਬਦੀ ਸਮਾਗਮ ਅੱਜ ਏਥੇ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਵਿਖੇ ਮਨਾਇਆ ਗਿਆ, ਜਿੱਥੇ ਵੱਖ-ਵੱਖ ਹਸਤੀਆਂਨੇਸ਼੍ਰੋਮਣੀ ਕਮੇਟੀ ਦੇ ਇਤਿਹਾਸ ਬਾਰੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀਨੂੰ ਕਈ ਵਾਰ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਅੱਜ ਫਿਰ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ 1984 ਵਿੱਚ ਵੀ ਸਰਕਾਰ ਨੇ ਸ਼੍ਰੋਮਣੀ ਕਮੇਟੀਨੂੰ ਤੋੜਨਾ ਚਾਹਿਆ ਸੀ, ਪਰ ਤੋੜੀ ਨਹੀਂ ਸੀ ਜਾ ਸਕੀ। ਉਨ੍ਹਾਂ ਨੇ ਕਿਹਾ ਕਿ ਅੱਜ ਫਿਰਸ਼੍ਰੋਮਣੀ ਕਮੇਟੀਨੂੰਸਰਕਾਰ ਤੋੜਨਾ ਚਾਹੁੰਦੀ ਹੈ, ਕਿਉਂਕਿ ਆਜ਼ਾਦ ਸਟੇਟ ਵਰਗਾ ਦਰਜਾ ਰੱਖਦੀ ਇਹ ਸੰਸਥਾ ਭਾਰਤੀ ਹਾਕਮਾਂ ਨੂੰਚੁਭਦੀ ਹੈ।

ਪਿਛਲੇ ਕੁਝ ਸਮੇਂ ਦੀਆਂ ਘਟਨਾਵਾਂ ਦਾ ਹਵਾਲਾ ਦੇ ਕੇਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀਨੂੰ ਅੱਜ ਮੁੜ ਚੁਣੌਤੀ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ 328 ਸਰੂਪਾਂ ਬਾਰੇ ਕਿਹਾ ਕਿ ਇਸ ਦੀ ਜਾਂਚ ਲਈ ਵਿਸ਼ੇਸ਼ ਕਮੇਟੀ ਬਣਾਈ ਸੀ, ਜਿਸ ਨੇ ਜਾਂਚ ਤੋਂ ਬਾਅਦ ਅਕਾਲ ਤਖਤ ਸਾਹਿਬ ਨੂੰ ਰਿਪੋਰਟ ਦੇ ਦਿੱਤੀ ਅਤੇ ਇਹ ਰਿਪੋਰਟ ਸ਼੍ਰੋਮਣੀ ਕਮੇਟੀਦੀ ਵੈਬਸਾਈਟ ਉੱਤੇ ਪਾਈ ਗਈ ਹੈ, ਜੇ ਕੋਈ ਇਸ ਨੂੰ ਪੜ੍ਹਨਾ ਚਾਹੇ ਤਾਂ ਪੜ੍ਹ ਸਕਦਾ ਹੈ। ਜਥੇਦਾਰ ਨੇ ਕਿਹਾ ਕਿ ਪਾਵਨ ਸਰੂਪ ਰਿਕਾਰਡਵਿੱਚੋਂ ਘਟਦੇ ਹਨ ਤਾਂਜਿਹੜੇ ਦੋਸ਼ੀ ਮੁਲਾਜ਼ਮਾਂ ਨੇ ਇਨ੍ਹਾਂ ਦੇ ਪੈਸੇ ਖਾਧੇ ਹਨ, ਉਨ੍ਹਾਂ ਨੂੰ ਸਜ਼ਾਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਇਹ ਪ੍ਰੰਬਧਕੀ ਤੇ ਭ੍ਰਿਸ਼ਟਾਚਾਰ ਦਾ ਮਾਮਲਾ ਹੈ, ਪਰ ਇਸ ਨੂੰ ਬੇਅਦਬੀ ਦਾ ਮੁੱਦਾ ਬਣਾਇਆ ਜਾ ਰਿਹਾ ਹੈ। ਦੋਸ਼ੀ ਮੁਲਾਜ਼ਮਾਂ ਨੇ ਸਿਰਫ ਬੇਈਮਾਨੀ ਕੀਤੀ ਤੇ ਉਨ੍ਹਾਂ ਨੂੰ ਸਸਪੈਂਡ ਕਰਕੇ ਸਜ਼ਾ ਦੇ ਦਿੱਤੀ ਹੈ, ਪਰ ਇਹ ਬੇਅਦਬੀ ਦਾ ਮੁੱਦਾ ਨਹੀਂ।ਜਥੇਦਾਰ ਨੇ ਕਿਹਾ ਕਿ ਦਮਦਮੀ ਟਕਸਾਲ ਗੁਟਕਾ ਸਾਹਿਬ ਛਾਪਦੀ ਤੇ ਸੰਗਤ ਨੂੰ ਵੰਡਦੀ ਹੈ, ਕੀ ਟਕਸਾਲ ਦੱਸ ਸਕਦੀ ਹੈ ਕਿ ਕਿੰਨੇ ਸਰੂਪ ਕਿੱਥੇ-ਕਿਥੇ ਦਿੱਤੇ ਹਨ? ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਕੇਸ ਵਿੱਚ ਵੀ ਮੁਲਾਜ਼ਮਾਂ ਨੇ ਸਰੂਪ ਸੰਗਤ ਨੂੰ ਦਿੱਤੇ ਹਨ, ਪਰ ਇਹ ਨਹੀਂ ਦੱਸਿਆ ਗਿਆ ਕਿ ਇਹ ਕਿੱਥੇ-ਕਿੱਥੇ ਦਿੱਤੇ ਹਨ।

ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਿਹੜੇ ਲੋਕ ਗੁਰੂ ਦੇ ਦਰ ਉੱਤੇ ਤਲਵਾਰਾਂ ਲਹਿਰਾ ਰਹੇ ਹਨ, ਉਹ ਦੁਨੀਆਂ ਭਰ ਵਿੱਚ ਸਿੱਖੀ ਨੂੰ ਬਦਨਾਮ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਗੇਟਾਂ ਨੂੰ ਤਾਲੇ ਲਾਏ ਜਾਣ ਦੀ ਘਟਨਾਬਾਰੇ ਜਥੇਦਾਰ ਨੇ ਸਿੱਖਾਂ ਨੂੰ ਸੱਦਾ ਦੇਂਦੇ ਹੋਏ ਸਖਤੀ ਨਾਲ ਕਿਹਾ ਕਿ ਜੇ ਭਵਿੱਖ ਵਿੱਚ ਕਿਸੇ ਨੇ ਤਾਲੇ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਸ਼੍ਰੋਮਣੀ ਕਮੇਟੀ ਦੇ ਪੁੱਤਰ ਹੋਣ ਦੇ ਨਾਤੇ ਘਰਾਂ ਵਿੱਚ ਨਾ ਬੈਠੇ ਰਹਿਓ, ਅੰਮ੍ਰਿਤਸਰ ਨੂੰ ਵਹੀਰਾਂ ਘੱਤ ਕੇ ਆਇਓ ਤਾਂ ਜੋ ਕੋਈ ਸ਼੍ਰੋਮਣੀ ਕਮੇਟੀਦੇ ਗੇਟਾਂ ਨੂੰ ਤਾਲੇ ਨਾ ਲਾ ਸਕੇ। ਉਨ੍ਹਾ ਕਿਹਾ ਕਿ ਅੱਜ ਹਿੰਦੋਸਤਾਨ ਵਿੱਚ ਲੋਕਤੰਤਰ ਵਾਲੀ ਸਰਕਾਰ ਨਹੀਂ, ਇਹ ਸਰਕਾਰ ਵੋਟਿੰਗ ਮਸ਼ੀਨਾਂ ਰਾਹੀਂ ਸੱਤਾ ਉੱਤੇ ਕਾਬਜ਼ ਹੋਈ ਹੈ ਅਤੇ ਪਤਾ ਨਹੀਂ ਕਿੰਨੇ ਸਾਲ ਸੱਤਾ ਉੱਤੇ ਕਾਬਜ਼ ਰਹੇਗੀ, ਜੇ ਅਸੀਂ ਇਕੱਠੇ ਨਾ ਹੋਏ ਤਾਂ ਸਰਕਾਰ ਸਾਨੂੰ ਖੱਖੜੀਆਂ-ਕਰੇਲੇ ਕਰ ਦੇਵੇਗੀ।

# ਵਿਧਾਇਕ ਸਿਮਰਜੀਤ ਸਿੰਘ ਬੈਂਸ ਉੱਤੇ ਔਰਤ ਨੇ ਬਲਾਤਕਾਰ ਦਾ ਦੋਸ਼ ਲਾਇਆ

*** ਪੀੜਤ ਔਰਤ ਵੱਲੋਂ ਇਨਸਾਫ ਲਈ ਪੁਲਿਸ ਮੁਖੀ ਨੂੰ ਚਿੱਠੀ**



ਲੁਧਿਆਣਾ, 17 ਨਵੰਬਰ, (ਪੋਸਟ ਬਿਊਰੋ)- ਇਸ ਸ਼ਹਿਰ ਦੇ ਆਤਮ ਨਗਰ ਹਲਕੇ ਤੋਂ ਵਿਧਾਇਕ ਅਤੇ ਲੋਕ ਇਨਸਾਫ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਉੱਤੇ ਇੱਕ ਔਰਤ ਨੇ ਬਲਾਤਕਾਰ ਕਰਨਦਾ ਦੋਸ਼ ਲਾਇਆ ਹੈ। ਦੋਸ਼ ਲਾਉਣ ਵਾਲੀ ਔਰਤ ਲੁਧਿਆਣਾ ਦੀ ਹੀ ਵਸਨੀਕ ਹੈ। ਇਸ ਦੋਸ਼ ਨਾਲ ਸ਼ਹਿਰ ਵਿੱਚ ਸਨਸਨੀ ਫੈਲ ਗਈ ਹੈ।

ਸਿਮਰਨਜੀਤ ਸਿੰਘ ਬੈਂਸ ਉੱਤੇ ਦੋਸ਼ ਲਾਉਣ ਵਾਲੀ ਔਰਤ ਨੇ ਦੱਸਿਆ ਕਿ ਉਸ ਦਾ ਦੀਵਾਲੀਆ ਨਿਕਲ ਗਿਆ ਤੇ ਕਰਜ਼ੇ ਨਾਲ ਲਏ ਘਰ ਨੂੰ ਬਚਾਉਣ ਲਈ ਉਸ ਕੋਲ ਪੈਸੇ ਨਹੀਂ ਸਨ। ਇਸ ਮੌਕੇ ਉਸਨੇ ਸਿਮਰਜੀਤ ਸਿੰਘ ਬੈਂਸ ਤੋਂ ਮਦਦ ਮੰਗੀ ਸੀ। ਉਸ ਔਰਤ ਦਾ ਕਹਿਣਾ ਹੈ ਕਿ ਇਸ ਬਾਰੇ ਮਿਲਣ ਪਿੱਛੋਂ ਸਿਮਰਜੀਤ ਬੈਂਸ ਨੇ ਆਪਣੀ ਪਾਰਟੀ ਦਫ਼ਤਰ ਵਿੱਚ ਹੀ ਉਸ ਨਾਲਕਈ ਵਾਰ ਬਲਾਤਕਾਰ ਕੀਤਾ ਸੀ। ਉਸ ਨੇ ਕਿਹਾ ਕਿ ਆਪਣੇ ਪਤੀ ਦੀ ਮੌਤ ਮਗਰੋਂਉਹ ਘਰ ਦੀਆਂ ਕਿਸ਼ਤਾਂ ਨਹੀਂਸੀ ਦੇ ਸਕੀ ਤੇ ਬੈਂਕ ਵਾਲੇ ਘਰ ਖਾਲੀ ਕਰਨ ਨੂੰ ਆਖਦੇ ਸਨ। ਔਰਤ ਨੇ ਕਿਹਾ, 26 ਅਪਰੈਲ 2019 ਨੂੰ ਮੈਂ ਸਿਮਰਜੀਤ ਸਿੰਘ ਬੈਂਸ ਦਾ ਭਾਸ਼ਣ ਸੁਣ ਕੇ ਉਸ ਨੂੰ ਆਪਣੀ ਸਮੱਸਿਆ ਦੱਸੀ ਤਾਂ ਬੈਂਸ ਨੇ ਆਪਣੇ ਦਫ਼ਤਰ ਆਉਣ ਨੂੰ ਕਿਹਾ। ਉਸ ਦਾ ਕਹਿਣਾ ਹੈ ਕਿ ਬੈਂਸ ਦੇ ਕਹਿਣ ਉੱਤੇ ਮੈਂ ਆਪਣਾ ਘਰ ਇੱਕ ਤੀਸਰੇ ਵਿਅਕਤੀ ਦੇ ਹਵਾਲੇ ਕਰ ਦਿੱਤਾ ਤੇ ਉਸ ਆਦਮੀ ਨੇ ਮੇਰੇ ਰਹਿਣ ਲਈ ਮਕਾਨ ਕਿਰਾਏ ਉੱਤੇ ਲੈ ਦਿੱਤਾ। ਇਸ ਮਗਰੋਂ ਲੌਕਡਾਊਨ ਦਾ ਬਹਾਨਾ ਬਣਾ ਕੇ ਉਸ ਵਿਅਕਤੀ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਮੈਂ ਬੈਂਸ ਨੂੰ ਸ਼ਿਕਾਇਤ ਕੀਤੀ ਤਾਂ ਉਸ ਨੇ ਮੈਨੂੰ ਆਪਣੇ ਦਫ਼ਤਰ ਵਿੱਚ ਬੁਲਾਇਆ ਅਤੇ ਦਫਤਰ ਦੇ ਪਿੱਛੇ ਬਣੇ ਕੈਬਿਨ ਵਿੱਚਬਲਾਤਕਾਰ ਕੀਤਾ ਤੇ ਕਿਹਾ ਕਿ ਜੇ ਮੇਰੀ ਗੱਲ ਮੰਨਦੀ ਰਹੇਂਗੀ ਤਾਂ ਪੈਸੇ ਵੀ ਦਿਵਾ ਦਿਆਂਗਾ। ਉਸ ਦਾ ਕਹਿਣਾ ਹੈ ਕਿ ਬੈਂਸ ਨੇ ਮਦਦ ਦਾ ਭਰੋਸਾ ਦੇ ਕੇ ਉਸ ਨਾਲ 10-12 ਵਾਰ ਬਲਾਤਕਾਰ ਕੀਤਾ ਸੀ।ਇਸ ਔਰਤ ਨੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਨੂੰ ਇੱਕ ਚਿੱਠੀ ਲਿਖ ਕੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਖਿਲਾਫ ਕਾਰਵਾਈ ਕਰਨ ਅਤੇ ਇਨਸਾਫ ਦੇਣ ਦੀ ਮੰਗ ਕੀਤੀ ਹੈ।

ਲੁਧਿਆਣਾ ਦੇ ਪੁਲਿਸ ਕਮਿਸ਼ਨਰਰਾਕੇਸ਼ ਅਗਰਵਾਲਦਾ ਕਹਿਣਾ ਹੈ ਕਿ ਸਿਮਰਜੀਤ ਸਿੰਘ ਬੈਂਸ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦੇ ਹਨ, ਪਰ ਸੱਚਾਈ ਜਾਂਚ ਤੋਂਬਾਅਦ ਸਾਹਮਣੇ ਆਏਗੀ। ਦੂਸਰੇ ਪਾਸੇ ਸਿਮਰਜੀਤ ਬੈਂਸ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਕਿਹਾ ਕਿ 'ਲੋਕ ਇਨਸਾਫ ਪਾਰਟੀ ਦੀ ਚੜ੍ਹਤ ਤੋਂਕੁਝ ਲੋਕ ਘਾਬਰੇ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਮੇਰੇ ਕਿਰਦਾਰ ਬਾਰੇ ਪੰਜਾਬ ਜਾਣਦਾ ਹੈ, ਮੇਰੇ ਖਿਲਾਫ ਸਿਰਫ ਘਟੀਆ ਹੱਥਕੰਡੇ ਅਪਣਾਏ ਜਾ ਰਹੇ ਹਨ।

# ਕੈਪਟਨ ਅਮਰਿੰਦਰ ਨੇ ਕਿਹਾ: ਮੈਂ ਕਾਰਪੋਰੇਟ ਘਰਾਣਿਆਂ ਦੇ ਖਿਲਾਫ਼ ਨਹੀਂ, ਪਰ ਕਿਸਾਨੀ ਹਿੱਤਾਂ ਦੀ ਰਾਖੀ ਜ਼ਰੂਰ ਕਰਨੀ ਹੈ

ਚੰਡੀਗੜ੍ਹ, 17 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇਖੇਤੀਬਾੜੀ ਬਾਰੇ ਤਾਜ਼ਾ ਕਾਨੂੰਨਾਂ ਉਤੇ ਪੰਜਾਬ ਤੇ ਕੇਂਦਰ ਸਰਕਾਰਾਂ ਵਿਚਾਲੇ ਮਤਭੇਦਾਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸਪੱਸ਼ਟ ਸ਼ਬਦਾਂ ਕਿਹਾ ਕਿ ਅਸੀਂ ਕਾਰਪੋਰੇਟ ਘਰਾਣਿਆਂ ਦੇ ਖਿਲਾਫ ਨਹੀਂ, ਪਰ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਤੇ ਉਨ੍ਹਾਂ ਦੇ ਆੜ੍ਹਤੀਆਂ ਨਾਲ ਲੰਮੇ ਸਮੇਂ ਤੋਂ ਚੱਲਦੇ ਆਏ ਸੰਬੰਧ ਕਾਇਮ ਰੱਖਣ ਲਈ ਕੋਈ ਵਿਧੀ-ਵਿਧਾਨ ਬਣਾਉਣਾ ਪਵੇਗਾ। ਉਨਾਂ ਨੇ ਕਿਹਾ ਕਿ ਚੱਲ ਰਹੇਸਿਸਟਮ ਨੂੰ ਖਤਮ ਕਰਨ ਦੀ ਕੋਈ ਵੀ ਕੋਸ਼ਿਸ਼ ਅਮਲ ਵਿੱਚ ਅਸਰਨਹੀਂ ਕਰੇਗੀ। ਕੈਪਟਨਅਮਰਿੰਦਰ ਸਿੰਘ ਨੇ ਕਿਹਾ ਕਿ ਮੇਰੀ ਸਰਕਾਰ ਨੇ ਕੇਂਦਰ ਦੇ ਖੇਤੀ ਕਾਨੂੰਨਾਂ ਨੂੰ ਅਸਰਹੀਣ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਬਿੱਲ ਲਿਆਂਦੇ ਤੇ ਇਹ ਮੁੱਦਾ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਹੋਰਨਾਂ ਕੋਲ ਜਾ ਕੇ ਵੀ ਉਠਾਇਆ ਹੈ।

ਅੱਜ ਏਥੇ ਯੂ ਐੱਸ-ਪੰਜਾਬ ਨਿਵੇਸ਼ਕ ਗੋਲਮੇਜ਼ ਕਾਨਫਰੰਸ-2020 ਦੇ ਵਰਚੁਅਲ ਉਦਘਾਟਨੀ ਸੈਸ਼ਨ ਦੇ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਸੀਂ ਅਨਾਜ ਸੁਰੱਖਿਆ ਯਕੀਨੀ ਬਣਾਈ ਹੈ, ਜੋ ਇਸ ਵੇਲੇ ਕਾਫੀ ਹੈ, ਪਰ ਹੋ ਸਕਦਾ ਹੈ ਕਿ ਭਲਕੇ ਨਾ ਹੋਵੇ। ਭਾਰਤ ਅੱਜ ਅਨਾਜ ਦੀ ਐਕਸਪੋਰਟ ਕਰਦਾ ਹੈ ਤਾਂ ਇਹ ਮਤਲਬ ਨਹੀਂ ਕਿ ਸਾਡੇ ਕੋਲ ਵਾਧੂ ਅਨਾਜ ਸਦਾ ਹੀ ਰਹੇਗਾ। ਉਨਾਂ ਕਿਹਾ ਕਿ ਦੇਸ਼ ਨੂੰ ਆਪਣੇ ਅੰਨ ਭੰਡਾਰ ਰੱਖਣੇ ਹੋਣਗੇ। ਉਨ੍ਹਾ ਕਿਹਾ ਕਿ ਪੰਜਾਬ ਇਸ ਦੇਸ਼ ਦੇ ਜ਼ਮੀਨੀ ਖੇਤਰ ਦਾ 1.5 ਫੀਸਦੀ ਹੈ, ਪਰ ਭਾਰਤ ਦੀ ਜੀ ਡੀ ਪੀ ਵਿੱਚ 3 ਫੀਸਦੀ ਦਾ ਯੋਗਦਾਨ ਪਾ ਰਿਹਾ ਹੈ। ਇਸ ਵਿੱਚ ਅਮਰੀਕੀ ਕੰਪਨੀਆਂ ਦੀ ਵਧਦੀ ਦਿਲਚਸਪੀ ਦੀ ਸ਼ਲਾਘਾ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪਹਿਲਾਂ ਵੀ ਖੇਤੀ ਪ੍ਰਧਾਨ ਸੂਬਾ ਅਤੇ ਭਾਰਤ ਦੀ ਹਰੀ ਕ੍ਰਾਂਤੀ ਦਾ ਘਰ ਹੈ, ਪਰ ਸਾਡੀ ਸਰਕਾਰ ਵਿਦੇਸ਼ੀ ਮਾਰਕੀਟ ਵਿੱਚ ਵਾਧੇ ਨਾਲ ਖੇਤੀ ਨੂੰ ਵੱਧ ਮੁੱਲ ਵਾਲਾ ਸੈਕਟਰ ਬਣਾਉਣਾ ਚਾਹੁੰਦੀ ਹੈ। ਉਨ੍ਹਾਂ ਨੇ ਨਿਵੇਸ਼ਕਾਰਾਂ ਨੂੰ ਪੰਜਾਬ ਦੇ ਉਦਯੋਗ ਨੂੰ ਪ੍ਰਫੁੱਲਤ ਕਰਨ ਲਈ ਇਸ ਰਾਜ ਦੇ ਕਾਰੋਬਾਰ ਪੱਖੀ ਸੱਭਿਆਚਾਰ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਅਮਰੀਕਾ ਪੰਜਾਬ ਦੀਆਂ ਕੰਪਨੀਆਂ ਲਈ ਐਕਸਪੋਰਟ ਦਾ ਸਿਖਰਲਾ ਟਿਕਾਣਾ ਹੈ, ਜੋ ਸਾਲ 2019-2020 ਵਿੱਚ 685 ਮਿਲੀਅਨ ਅਮਰੀਕੀ ਡਾਲਰ ਨਾਲ ਪੰਜਾਬ ਦੀ ਕੁੱਲ ਐਕਸਪੋਰਟ ਦਾ 12 ਫੀਸਦੀ ਬਣਿਆ ਹੈ।




ਆਪਣੇ ਭਾਸ਼ਣ ਦੇ ਮੁੱਢ ਵਿੱਚ ਹੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਅਮਰੀਕਾ ਦੀ ਚੋਣ ਪ੍ਰਕਿਰਿਆ ਸਿਰੇ ਚੜ੍ਹਨ ਉੱਤੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਵਧਾਈ ਦਿੱਤੀ ਤੇ ਆਸ ਕੀਤੀ ਕਿ ਅਮਰੀਕਾ ਅਤੇ ਪੰਜਾਬ ਵਿਚਾਲੇ ਮਿਲਵਰਤਣ ਅਤੇ ਮਿੱਤਰਤਾ ਦਾ ਨਵਾਂ ਯੁੱਗ ਸ਼ੁਰੂ ਹੋਵੇਗਾ।ਅਮਰੀਕਾ ਵਿੱਚ ਵੱਸਦੇ ਵੱਡੀ ਗਿਣਤੀ ਵਿੱਚ ਗਤੀਸ਼ੀਲ ਪੰਜਾਬੀਆਂ ਵੱਲੋਂ ਓਥੇ ਨਿਭਾਈ ਭੂਮਿਕਾ ਦੇ ਹਵਾਲੇ ਨਾਲ ਉਨ੍ਹਾ ਨੇ ਕਿਹਾ ਕਿ ਉਹ ਆਪਣੇ ਦੇਸ਼ਾਂ ਦੀ ਸਫਲਤਾ ਲਈ ਸਖਤ ਮਿਹਨਤ ਕਰ ਰਹੇ ਹਨ ਅਤੇ ਇਸ ਵੇਲੇ ਅਮਰੀਕਾ ਵਿੱਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਅਮਰੀਕਾ ਅਤੇ ਪੰਜਾਬ ਵਿਚਾਲੇ ਬਣੇ ਤਾਲਮੇਲ ਦੀ ਪ੍ਰਮੁੱਖ ਮਿਸਾਲ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਇਨਵੈਸਟ ਪੰਜਾਬ (ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ) ਆਪਣੀ ਕਿਸਮ ਦਾ ਅਜਿਹਾ 'ਯੂਨੀਫਾਈਡ ਰੈਗੂਲੇਟਰ' ਮਾਡਲ ਹੈ, ਜਿੱਥੇ ਸਿੰਗਲ ਵਿੰਡੋ ਸਰਵਿਸ ਪੋਰਟਲ ਉਤੇ 12 ਤੋਂਵੱਧ ਵਿਭਾਗਾਂ ਦੀਆਂ 66 ਤੋਂ ਵੱਧ ਸੇਵਾਵਾਂ ਮਿਲ ਸਕਦੀਆਂ ਹਨ। ਉਨ੍ਹਾ ਕਿਹਾ ਕਿ ਇਨਵੈਸਟਮੈਂਟ ਬਿਊਰੋ ਦੇ ਸੀ ਈ ਓ ਨੂੰ ਪੰਜਾਬ ਪੱਧਰ ਦੀਆਂ ਪ੍ਰਵਾਨਗੀਆਂ ਦੇਣ ਲਈ ਸਭ ਸ਼ਕਤੀਆਂ ਦੇ ਦਿੱਤੀਆਂ ਹਨ।


UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training





ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



ਹਵਾਈ ਸਫ਼ਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



Paramjit Deol
Broker

CELL: 416-993-7378
7071 Airport Rd, Suit 201, Mississauga, ON




1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Vaughan $499,000**




**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**



**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**




**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**




**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement .

*Canadian punjabi post assumes no responsibility for the accuracy of any information shown. Copyright Ppost 2019

# ਰਿਜ਼ਰਵ ਬੈਂਕ ਨੇ ਲਕਸ਼ਮੀ ਵਿਕਾਸ ਬੈਂਕ ਦਾ ਸਿਕੰਜਾ ਕੱਸਣਾ ਸ਼ੁਰੂ ਕੀਤਾ

## * ਗ੍ਰਾਹਕਾਂ ਵੱਲੋਂ ਪੈਸੇ ਲੈਣ ਦੀ ਹੱਦ 25 ਹਜ਼ਾਰ ਰੁਪਏ ਮਹੀਨਾ ਰੱਖੀ



ਨਵੀਂ ਦਿੱਲੀ, 17 ਨਵੰਬਰ, (ਪੋਸਟ ਬਿਊਰੋ)- ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੇ ਲਕਸ਼ਮੀ ਵਿਲਾਸ ਬੈਂਕਦੇਵਿਰੁੱਧ ਵੱਡੀ ਕਾਰਵਾਈ ਸ਼ੁਰੂ ਕਰਦੇ ਹੋਏ ਇਸ ਬੈਂਕ ਤੋਂਗ੍ਰਾਹਕਾਂ ਵੱਲੋਂ ਨਕਦੀ ਕੱਢਵਾਉਣ ਦੀ ਹੱਦ 25 ਹਜ਼ਾਰ ਰੁਪਏਮਹੀਨਾਮਿਥੀ ਹੈ। ਇਸ ਬਾਰੇਆਰ ਬੀ ਆਈ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦੱਸਿਆ ਹੈ ਕਿ ਲਕਸ਼ਮੀ ਵਿਲਾਸ ਬੈਂਕ ਨੂੰ 30 ਦਿਨਾਂ ਲਈ ਮੋਰੇਟੋਰੀਅਮ ਲਾਇਆ ਗਿਆ ਹੈ, ਇਸ ਲਈ ਗ੍ਰਾਹਕਾਂ ਵੱਲੋਂ ਇਸ ਬੈਂਕ ਤੋਂ ਨਕਦੀ ਕੱਢਵਾਉਣ ਦੀ ਹੱਦ ਅਗਲੀ 16 ਦਸੰਬਰ ਤੱਕ ਸਿਰਫ 25 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਇਹ ਫੈਸਲਾ ਆਰ ਬੀ ਆਈ ਨੇ ਇਸ ਲਈ ਲਿਆ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ ਇਸ ਬੈਂਕ ਦੀ ਮਾਇਕ ਸਥਿਤੀ ਵਿੱਚ ਗਿਰਾਵਟ ਆਈ ਹੈ। ਰਿਜ਼ਰਵ ਬੈਂਕ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਬੈਂਕ ਆਪਣੀ ਸ਼ੁੱਧ ਕੀਮਤ (ਕੈਪੀਟਲ) ਨੂੰ ਘਟਾਈ ਜਾਂਦਾ ਹੈ, ਇਸ ਦੀ ਵਿੱਤੀ ਹਾਲਤ ਖਰਾਬ ਹੈ ਅਤੇ ਅਕਾਊਂਟ ਬੁੱਕ ਬੀਤੇ ਤਿੰਨ ਸਾਲਾਂ ਤੋਂ ਬਹੁਤ ਕਮਜ਼ੋਰ ਹੁੰਦੀ ਜਾਣ ਨਾਲ ਬੈਂਕ ਦੀ ਜਾਇਦਾਦ ਘਟ ਗਈ ਹੈ। ਇਸ ਸਥਿਤੀ ਵਿੱਚ ਜਮ੍ਹਾ ਕਰਾਉਣ ਵਾਲਿਆਂ ਦੇ ਮੁਕਾਬਲੇ ਬੈਂਕ ਦੀ ਕਮਾਈ ਘਟ ਰਹੀ ਵੇਖ ਕੇ ਜਮ੍ਹਾਂ ਕਰਨ ਦੀ ਹੱਦ ਮਿਥੀ ਗਈ ਸੀ। ਰਿਜ਼ਰਵ ਬੈਂਕ ਨੇ ਇਹ ਸਪੱਸ਼ਟ ਕੀਤਾ ਹੈ ਕਿ ਇਸ ਬੈਂਕ ਦੀ ਵਿੱਤੀ ਹਾਲਤ ਖ਼ਰਾਬ ਹੋਣ ਕਾਰਨ ਸ਼ਾਇਦ ਇਸ ਨੂੰ ਵੱਡੇ ਬੈਂਕ ਵਿੱਚ ਮਿਲਾ ਦਿੱਤਾ ਜਾਵੇਗਾ।

# ਤਬਲੀਗੀ ਜਮਾਤ ਮਾਮਲਾ: ਮੀਡੀਆ ਰਿਪੋਰਟਿੰਗ ਬਾਰੇ ਭਾਰਤ ਸਰਕਾਰ ਦੇ ਜਵਾਬ ਤੋਂ ਕੋਰਟ ਦੀ ਤਸੱਲੀ ਨਹੀਂ



ਨਵੀਂ ਦਿੱਲੀ, 17 ਨਵੰਬਰ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਸ਼ੁਰੂ ਵਿੱਚਦਿੱਲੀ ਵਿੱਚ ਤਬਲੀਗੀ ਜਮਾਤ ਦੇ ਇੱਕ ਪ੍ਰੋਗਰਾਮਦੀ ਮੀਡੀਆ ਰਿਪੋਰਟਿੰਗ ਬਾਰੇ ਭਾਰਤ ਸਰਕਾਰ ਦੀਆਂ ਦਲੀਲਾਂ ਉੱਤੇ ਸੁਪਰੀਮ ਕੋਰਟ ਨੇ ਅੱਜ ਮੰਗਲਵਾਰ ਨੂੰ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਕਿਹਾ ਕਿ ਸਰਕਾਰ ਨੂੰ ਟੀਵੀ ਉੱਤੇ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਕੰਟਰੋਲ ਕਰਨ ਲਈ ਇਕ ਰੈਗੁਲੇਟਰੀ ਤੰਤਰ ਬਣਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਚੀਫ ਜਸਟਿਸ ਐੱਸ ਏ ਬੋਬੜੇ ਦੀ ਪ੍ਰਧਾਨਗੀ ਵਾਲੇ ਸੁਪਰੀਮ ਕੋਰਟ ਦੇ ਬੈਂਚ, ਜਿਸ ਵਿੱਚਜਸਟਿਸ ਏ ਐੱਸ ਬੋਪੰਨਾ ਅਤੇ ਜਸਟਿਸ ਵੀ. ਰਾਮਾਸੁਬਰਾਮਣੀਅਮ ਸ਼ਾਮਿਲ ਸਨ, ਨੇ ਅੱਜ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ਪਹਿਲਾਂ ਤੁਸੀਂ ਕੋਈ ਐਫੀਡੇਵਿਟਪੇਸ਼ ਨਹੀਂਕੀਤਾ, ਜਦੋਂ ਐਫੀਡੇਵਿਟ ਪੇਸ਼ ਕੀਤਾ ਤਾਂ ਉਸ ਵਿੱਚ ਦੋ ਵੱਡੇ ਮੁੱਦਿਆਂਬਾਰੇ ਕੁਝ ਨਹੀਂ ਕਿਹਾ, ਇਸ ਤਰ੍ਹਾਂ ਨਹੀਂ ਚੱਲ ਸਕਦਾ। ਅਦਾਲਤ ਨੇ ਸਰਕਾਰ ਨੂੰ ਨਵਾਂ ਐਫੀਡੇਵਿਟਪੇਸ਼ ਕਰ ਕੇ ਕੀਤੀ ਗਈ ਕਾਰਵਾਈ ਅਤੇ ਅਜਿਹੇ ਕੇਸਾਂ ਨਾਲ ਨਜਿੱਠਣ ਦੇ ਮੌਜੂਦਾ ਕਾਨੂੰਨ ਬਾਰੇ ਦੱਸਣ ਲਈ ਕਿਹਾ ਹੈ। ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਆਪਣੇ ਐਫੀਡੇਵਿਟਵਿੱਚ ਕਿਹਾ ਕਿ ਇਸ ਕੇਸ ਵਿੱਚਆਮ ਕਰ ਕੇ ਮੀਡੀਆ ਨੇ ਤੱਥਾਂ ਉੱਤੇ ਅਧਾਰਿਤ ਰਿਪੋਰਟਿੰਗ ਕੀਤੀ ਹੈ। ਅਦਾਲਤ ਨੇ ਮਹਿਤਾ ਨੂੰ ਕਿਹਾ ਕਿ ਅਸੀਂ ਤੁਹਾਡੇ ਜਵਾਬ ਤੋਂ ਸੰਤੁਸ਼ਟ ਨਹੀਂ ਤੇਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਨੂੰ ਇਹ ਦੱਸੋ ਕਿ ਬਣਦੇ ਨਿਯਮਾਂ ਹੇਠ ਤੁਸੀਂ ਕਿਹੜੀ ਕਾਰਵਾਈ ਕੀਤੀ ਹੈ। ਇਸ ਉੱਤੇ ਮਹਿਤਾ ਨੇ ਕਿਹਾ ਕਿ ਇਸ ਸੰਬੰਧ ਵਿੱਚ ਕਈ ਕਦਮ ਚੁੱਕੇ ਗਏ ਹਨ। ਸੁਪਰੀਮ ਕੋਰਟ ਜਮੀਅਤ ਉਲੇਮਾ-ਏ-ਹਿੰਦ ਦੀ ਇੱਕ ਪਟੀਸ਼ਨ ਦੇਬਾਰੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਕਿਹਾ ਗਿਆ ਹੈ ਕਿ ਮੀਡੀਆ ਦੇ ਇਕ ਹਿੱਸੇ ਨੇ ਤਬਲੀਗੀ ਪ੍ਰੋਗਰਾਮ ਬਾਰੇ ਗ਼ਲਤ ਰਿਪੋਰਟਿੰਗ ਕੀਤੀ ਅਤੇ ਸਮਾਜ ਵਿੱਚ ਨਫ਼ਰਤ ਫੈਲਾਉਣ ਦਾ ਕੰਮ ਕੀਤਾ ਸੀ।

# ਹੈਲੀਕਾਪਟਰ ਘੁਟਾਲਾ ਕੇਸ ਵਿੱਚ ਕਮਲਨਾਥ ਦੇ ਪੁੱਤਰ ਤੇ ਸਲਮਾਨ ਖੁਰਸ਼ੀਦ ਦੇ ਨਾਂਅ ਵੀ ਆਏ



ਨਵੀਂ ਦਿੱਲੀ, 17 ਨਵੰਬਰ, (ਪੋਸਟ ਬਿਊਰੋ)- ਅਗਸਤਾ ਵੈਸਟਲੈਂਡ ਹੈਲੀਕਾਪਟਰ ਦੀ ਖ਼ਰੀਦ ਦੇ ਘੁਟਾਲੇ ਦੀ ਜਾਂਚ ਵਿੱਚਕਾਂਗਰਸੀ ਆਗੂ ਅਤੇਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਦੇ ਪੁੱਤਰ ਅਤੇ ਸਾਬਕਾ ਮੰਤਰੀ ਸਲਮਾਨ ਖੁਰਸ਼ੀਦ ਦੇ ਨਾਂਅ ਵੀ ਆ ਗਏ ਹਨ। ਕਮਲਨਾਥ ਦਾ ਭਾਣਜਾ ਰਤੁਲ ਪੁਰੀ ਪਹਿਲਾਂ ਹੀ ਗ੍ਰਿਫ਼ਤਾਰੀ ਪਿੱਛੋਂ ਜ਼ਮਾਨਤ ਉੱਤੇ ਹੈ।

ਪਤਾ ਲੱਗਾ ਹੈ ਕਿ ਇਸ ਬਹੁ-ਚਰਚਿਤ ਕੇਸ ਦੇ ਇੱਕ ਦੋਸ਼ੀ ਰਾਜੀਵ ਸਕਸੈਨਾ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ)ਕੋਲ ਦਿੱਤੇ ਬਿਆਨ ਵਿੱਚ ਕਮਲਨਾਥ ਦੇ ਬੇਟੇ ਬਕੁਲ ਨਾਥ ਅਤੇ ਸਾਬਕਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦਾ ਨਾਂ ਲਿਆ ਹੈ। ਸਲਮਾਨ ਖੁਰਸ਼ੀਦ ਨੇ ਇਸ ਘੁਟਾਲੇ ਨਾਲ ਕਿਸੇ ਵੀ ਸਬੰਧ ਹੋਣਤੋਂ ਸਾਫ਼ ਇਨਕਾਰ ਕੀਤਾ ਹੈ, ਪਰ ਕੇਂਦਰੀ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਫ਼ੌਜੀ ਖਰੀਦ ਦੇ ਸਕੈਂਡਲਾਂ ਵਿੱਚ ਕਾਂਗਰਸ ਦੀ ਪੁਰਾਣੀ ਸ਼ਮੂਲੀਅਤ ਦੇਜ਼ਿਕਰ ਨਾਲ ਕਿਹਾ ਕਿ ਸੋਨੀਆ ਗਾਂਧੀ ਤੇ ਰਾਹੁਲ ਨੂੰ ਦੇਸ਼ ਦੇ ਲੋਕਾਂ ਸਾਹਮਣੇ ਇਸਦਾ ਜਵਾਬ ਦੇਣਾ ਪਵੇਗਾ।

ਵਰਨਣ ਯੋਗ ਹੈ ਕਿ ਦੋਸ਼ੀ ਰਾਜੀਵ ਸਕਸੈਨਾ ਨੇ ਈਡੀ ਕੋਲ ਦਿੱਤੇ ਲਗਪਗ ਇਕ ਹਜ਼ਾਰ ਸਫੇ ਦੇ ਬਿਆਨ ਵਿੱਚਇਸ ਸੌਦੇ ਵਿੱਚਤੈਅ ਹੋਈ ਦਲਾਲੀ ਦੀ ਰਕਮ ਨੂੰ ਭਾਰਤ ਪੁਚਾਉਣ ਵਿੱਚ ਆਪਣੀ ਭੂਮਿਕਾ ਮੰਨੀ ਹੈ। ਰਾਜੀਵ ਸਕਸੈਨਾ ਨੂੰ ਜਨਵਰੀ 2019 ਵਿੱਚ ਦੁਬਈ ਤੋਂ ਹਵਾਲਗੀ ਰਾਹੀਂ ਭਾਰਤ ਲਿਆਂਦਾ ਗਿਆ ਸੀ ਤੇ ਜਾਂਚ ਵਿੱਚਉਸ ਦੇ ਸਹਿਯੋਗ ਨੂੰ ਦੇਖਦੇ ਹੋਏ ਈਡੀ ਨੇ ਪਹਿਲਾਂ ਉਸਨੂੰ ਸਰਕਾਰੀ ਗਵਾਹ ਬਣਾਇਆ ਸੀ, ਪਰ ਬਾਅਦ ਵਿੱਚ ਪਤਾ ਲੱਗਾ ਕਿ ਉਹ ਘੁਟਾਲੇ ਨਾਲ ਜੁੜੇ ਅਹਿਮ ਤੱਥ ਲੁਕਾ ਰਿਹਾ ਹੈ, ਇਸ ਲਈ ਈਡੀ ਨੇ ਉਸਨੂੰ ਸਰਕਾਰੀ ਗਵਾਹ ਤੋਂ ਹਟਾ ਕੇ ਦੋਸ਼ੀ ਬਣਾਉਣ ਦੇ ਲਈ ਅਦਾਲਤ ਨੂੰ ਬੇਨਤੀ ਕੀਤੀ ਹੋਈ ਹੈ।

ਇਸ ਘੁਟਾਲੇ ਨਾਲ ਸਿਆਸਤਦਾਨਾਂ ਨੂੰ ਲਾਭ ਮਿਲਣ ਬਾਰੇ ਈਡੀ ਵੱਲੋਂ ਸਵਾਲ ਦਾ ਜਵਾਬ ਦਿੰਦੇ ਹੋਏ ਸਕਸੈਨਾ ਨੇ ਕਿਹਾ ਕਿ ਇੰਟਰਸਟੇਲਰ ਟੈਕਨਾਲੋਜੀਜ਼ ਲਿਮਟਿਡ ਤਕ ਘੁਟਾਲੇ ਦੀ ਇਹ ਰਕਮ ਪਹੁੰਚੀ ਸੀ। ਸੁਸ਼ੇਨ ਮੋਹਨ ਗੁਪਤਾ ਦੀ ਇਸ ਕੰਪਨੀ ਨੂੰ ਗੌਤਮ ਖੇਤਾਨ ਚਲਾਉਂਦਾ ਸੀ। ਈਡੀ ਇਸ ਕੇਸ ਵਿੱਚ ਸੁਸ਼ੇਨ ਮੋਹਨ ਗੁਪਤਾ ਤੇ ਗੌਤਮ ਖੇਤਾਨ ਦੋਵਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਤੇ ਦੋਵੇਂ ਜ਼ਮਾਨਤ ਉੱਤੇ ਹਨ। ਸਕਸੈਨਾ ਦੇ ਮੁਤਾਬਕ ਸੁਸ਼ੇਨ ਮੋਹਨ ਗੁਪਤਾ ਤੇ ਗੌਤਮ ਖੇਤਾਨ ਆਪਸੀ ਗੱਲਬਾਤ ਵਿੱਚ ਘੁਟਾਲੇ ਵਿੱਚੋਂ ਲਾਭ ਲੈਣ ਵਾਲੇ ਸਿਆਸੀ ਆਗੂਆਂ ਵਿੱਚ ‘ਏਪੀ’ ਦਾ ਨਾਂ ਲੈਂਦੇ ਸਨ। ਸਕਸੈਨਾ ਦੇ ਦੱਸਣ ਮੁਤਾਬਕ ‘ਏਪੀ’ ਸ਼ਬਦ ਦੀ ਵਰਤੋਂ ਅਹਿਮਦ ਪਟੇਲ ਲਈ ਕੀਤੀ ਜਾਂਦੀ ਸੀ ਅਤੇ ਇੰਟਰਸਟੇਲਰ ਟੈਕਨਾਲੋਜੀਜ਼ ਅਤੇ ਗਲੋਬਲ ਸਰਵਿਸਿਜ਼ ਦੇ ਰਾਹੀਂ ਦਲਾਲੀ ਦੀ ਰਕਮ ਮੋਜਰ ਬੀਅਰ ਤੇ ਆਪਟਿਮਾ ਇਨਵੈਸਟਮੈਂਟ ਤਕ ਪਹੁੰਚਦੀ ਸੀ, ਜਿਹੜੀ ਅਸਲ ਵਿੱਚ ਰਤੁਲ ਪੁਰੀ ਤੇ ਉਸਦੇ ਪਰਿਵਾਰ ਦੀ ਕੰਪਨੀ ਹੈ। ਇਸ ਬਿਆਨ ਵਿੱਚ ਰਾਜੀਵ ਸਕਸੈਨਾ ਨੇ ਇਕ ਹੋਰ ਕੰਪਨੀ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦਾ ਨਾਂ ਲਿਆ ਹੈ। ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਤੋਂ ਰਾਜੀਵ ਸਕਸੈਨਾ ਅਤੇ ਸੁਸ਼ੇਨ ਮੋਹਨ ਗੁਪਤਾ ਕੋਲ ਬ੍ਰਿਜ ਫੰਡਿੰਗ ਦੇ ਰਾਹੀਂ ਪੈਸਾ ਪਹੁੰਚਦਾ ਸੀ। ਸਕਸੈਨਾ ਦੇ ਮੁਤਾਬਕ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦਾ ਕੰਮ ਕਮਲਨਾਥ ਦੇ ਬੇਟੇ ਬਕੁਲ ਨਾਥ ਵੱਲੋਂ ਜੌਹਨ ਡਾਕੇਟਰੀ ਸੰਭਾਲਦਾ ਸੀ ਤੇ ਇੰਟਰਸਟੇਲਰ ਟੈਕਨਾਲੋਜੀ ਅਤੇ ਗਲੋਬਲ ਸਰਵਿਸਿਜ਼ ਦੀ ਵਰਤੋਂ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦੇ ਕਰਜ਼ੇ ਦੇ ਮੁੜ ਭੁਗਤਾਨ ਲਈ ਕੀਤੀ ਜਾਂਦੀ ਸੀ।

ਕੇਂਦਰੀ ਜਾਂਚ ਏਜੰਸੀ ਸੀਬੀਆਈ ਨੇ ਕੁੱਲ 3600 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਖ਼ਰੀਦਘੁਟਾਲੇਬਾਰੇ ਆਪਣੀ ਤਾਜ਼ਾ ਚਾਰਜਸ਼ੀਟ ਵਿੱਚ ਦਲਾਲੀ ਦੀ ਰਕਮ ਨੂੰ ਲਾਭਪਾਤਰੀਆਂ ਤਕ ਪੁਚਾਉਣ ਵਿੱਚ ਸਕਸੈਨਾ ਦੀ ਭੂਮਿਕਾ ਦਾ ਵੇਰਵਾ ਦਿੱਤਾ ਹੈ। ਬੀਤੀ 17 ਸਤੰਬਰ ਨੂੰ ਪੇਸ਼ ਕੀਤੀ ਗਈ ਸੀਬੀਆਈ ਦੀ ਸਪਲੀਮੈਂਟਰੀ ਚਾਰਜਸ਼ੀਟ ਦੇ ਮੁਤਾਬਕ ਇੰਟਰਸਟੇਲਰ ਟੈਕਨਾਲੋਜੀਜ਼ ਦਾ 99.9 ਫ਼ੀਸਦੀ ਸ਼ੇਅਰ ਰਾਜੀਵ ਸਕਸੈਨਾ ਨੇ 2000 ਵਿੱਚ ਖ਼ਰੀਦ ਲਿਆ ਸੀ।ਇਟਲੀ ਤੇ ਮਾਰੀਸ਼ਸ ਸਰਕਾਰਾਂਤੋਂਸੀਬੀਆਈ ਨੂੰ ਮਿਲੀ ਸਰਕਾਰੀ ਜਾਣਕਾਰੀ ਮੁਤਾਬਕ ਅਗਸਤਾ ਵੈਸਟਲੈਂਡ ਤੋਂ ਇੰਟਰਸਟੇਲਰ ਟੈਕਨਾਲੋਜੀਜ਼ ਦੇ ਖਾਤੇ ਵਿੱਚ 1.24 ਕਰੋੜ ਯੂਰੋ ਦੀ ਰਕਮ ਆਈ ਸੀ, ਜਿਸਨੂੰ ਬਾਅਦ ਵਿੱਚ ਵਿਚੋਲਿਆਂ ਨੂੰ ਪੁਚਾਇਆ ਗਿਆ ਤੇ ਰਾਜੀਵ ਸਕਸੈਨਾ ਦੀਆਂ ਚਾਰ ਕੰਪਨੀਆਂਨੂੰ ਗਲੋਬਲ ਸਰਵਿਸਿਜ਼ ਤੋਂ ਨੌਂ ਲੱਖ 48 ਹਜ਼ਾਰ ਯੂਰੋ ਮਿਲੇ ਸਨ। ਰਾਜੀਵ ਸਕਸੈਨਾ ਦਾ ਬਿਆਨ ਜ਼ਾਹਰਹੋਣਪਿੱਛੋਂ ਰਵੀਸ਼ੰਕਰ ਪ੍ਰਸਦ ਨੇ ਕਾਂਗਰਸ ਉੱਤੇ ਹਮਲਾ ਕਰਦੇ ਹੋਏ ਕਿਹਾ ਕਿ ਜੀਪ ਘੁਟਾਲੇ ਤੋਂ ਲੈ ਕੇ ਬੋਫੋਰਸ ਘੁਟਾਲਾ, ਸਬਮੈਰੀਨ ਘੁਟਾਲਾ ਤੇ ਅਗਸਤਾ ਵੈਸਟਲੈਂਡ ਘੁਟਾਲੇ ਤਕ ਕਾਂਗਰਸੀ ਨੇਤਾਵਾਂ ਨੇ ਪੈਸਾ ਕਮਾਏ ਬਿਨਾਂ ਕਦੇ ਕੋਈ ਕੰਮ ਨਹੀਂਹੋਣ ਦਿੱਤਾ।

## ਰਾਣਾ ਗੁਰਜੀਤ ਸਿੰਘ ’ਤੇ ਸ਼ਾਮਲਾਟ ਜ਼ਮੀਨ ਦੇ ਘਪਲੇ ਦੇ ਦੋਸ਼

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ)- ਭੁਲੱਥ ਤੋਂ ਕਾਂਗਰਸੀ ਨੇਤਾ ਰਣਜੀਤ ਸਿੰਘ ਰਾਣਾ ਨੇ ਕਪੂਰਥਲਾ ਦੇ ਵਿਧਾਇਕ ਅਤੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਉੱਤੇ ਸ਼ਾਮਲਾਟ ਜ਼ਮੀਨ ਨੂੰ ਆਪਣੇ ਨਾਂਅ ਕਰਵਾ ਕੇ ਉਸ ਉੱਤੇ 97 ਕਰੋੜ ਰੁਪਏ ਦਾ ਕਰਜ਼ਾ ਲੈਣ ਦਾ ਦੋਸ਼ ਲਾਇਆ ਹੈ। ਰਾਣਾਤੋਂ ਪਹਿਲਾਂ ਇਹ ਮੁੱਦਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੀ ਉਠਾ ਚੁੱਕੇ ਹਨ। ਰਾਣਾ ਗੁਰਜੀਤ ਸਿੰਘ ਨੇਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਆਪਣੀ ਜ਼ਮੀਨ ਦੀ ਜ਼ਮਾਨਤ ਦੇ ਕੇ ਉਹ ਬੈਂਕ ਤੋਂ ਕਰਜ਼ਾ ਲੈਂਦੇ ਹਨ ਤਾਂ ਉਸ ਨਾਲ ਕਿਸੇ ਦਾ ਮਤਲਬ ਨਹੀਂ ਹੋ ਸਕਦਾ।

ਰਣਜੀਤ ਸਿੰਘ ਪਹਿਲਾਂ ਵੀ ਕਪੂਰਥਲਾ ਦੇ ਵਿਧਾਇਕਰਣਜੀਤ ਸਿੰਘ ਰਾਣਾ ਉੱਤੇ ਦੋਸ਼ ਲਾਉਂਦੇ ਰਹੇ ਹਨ। ਭੁਲੱਥ ਤੋਂ ਕਾਂਗਰਸ ਟਿਕਟ ’ਤੇ ਚੋਣ ਲੜ ਚੁੱਕੇ ਰਣਜੀਤ ਸਿੰਘ ਰਾਣਾ ਨੇ ਚੰਡੀਗੜ੍ਹ ਪ੍ਰੈਸ ਕਲੱਬ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਰਾਣਾ ਗੁਰਜੀਤ ਸਿੰਘ ਨੇ ਮੋਹਾਲੀ ਦੇ ਸਿਉਂਕ ਤਹਿਸੀਲ ਮਾਜਰੀ ਵਿੱਚ 532 ਕਨਾਲ ਜ਼ਮੀਨ ਲਈ ਸੀ, ਜਿਸ ਦੀ ਰਜਿਸਟਰੀ ਵੀ ਹੋਈ ਅਤੇ ਇੰਤਕਾਲ ਵੀ ਚੜ੍ਹਿਆ ਹੈ। ਰਣਜੀਤ ਸਿੰਘ ਦਾ ਦੋਸ਼ ਹੈ ਕਿ ਇਹ ਜ਼ਮੀਨ ਸ਼ਾਮਲਾਟ ਹੈ, ਇਸ ਲਈ ਇਸ ਦੀ ਰਜਿਸਟਰੀ ਨਹੀਂ ਹੋ ਸਕਦੀ।ਉਨ੍ਹਾਂ ਕਿਹਾ ਕਿ ਰਾਣਾ ਗੁਰਜੀਤ ਸਿੰਘ ਨੇ ਨਾ ਸਿਰਫ ਮਿਲੀਭੁਗਤ ਕਰ ਕੇ ਜ਼ਮੀਨ ਆਪਣੇ ਨਾਂਅ ਕਰਵਾਈ, ਸਗੋਂ ਇਸ ਉੱਤੇ ਬੈਂਕ ਤੋਂ 97 ਕਰੋੜ ਰੁਪਏ ਕਰਜ਼ਾ ਵੀ ਲੈ ਲਿਆ। ਜ਼ਮੀਨ ਦੀ ਕੀਮਤ ਘੱਟ ਹੈ, ਪਰ ਰਾਣਾ ਨੇ ਬੈਂਕ ਅਧਿਕਾਰੀਆਂ ਨਾਲ ਮਿਲ ਕੇ ਵੱਡੀ ਰਕਮ ਕਰਜ਼ੇ ਵਜੋਂ ਲਈ। ਰਣਜੀਤ ਰਾਣਾ ਨੇ ਇਸ ਸਬੰਧ ਵਿੱਚ ਆਰ ਬੀ ਆਈ ਨੂੰ ਵੀ ਸ਼ਿਕਾਇਤ ਕੀਤੀ ਹੈ। ਭੁਲੱਥ ਦੇ ਨੇਤਾ ਨੇ ਰਾਣਾ ਗੁਰਜੀਤ ਸਿੰਘ ’ਤੇ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਅਤੇ ਰੇਤ ਕਾਰੋਬਾਰੀਆਂ ਨੂੰ ਸ਼ਹਿ ਦੇਣ ਦਾ ਵੀ ਦੋਸ਼ ਲਾਇਆ ਹੈ।

## ਵੰਦੇ ਭਾਰਤ ਫਲਾਈਟਾਂ ਵਿੱਚ ਹਵਾਈ ਟਿਕਟਾਂ ਦੀ ਵੰਡ ਵਿੱਚ ਵਾਧੂ ਵਸੂਲੀ ਦੇ ਦੋਸ਼

ਅੰਮ੍ਰਿਤਸਰ, 17 ਨਵੰਬਰ (ਪੋਸਟ ਬਿਊਰੋ)- ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਇਹ ਦੋਸ਼ ਲਾਇਆ ਹੈ ਕਿ ਕੋਰੋਨਾ ਦੀ ਮਹਾਮਾਰੀ ਦੇ ਦੌਰਾਨ ‘ਵੰਦੇ ਭਾਰਤ ਮਿਸ਼ਨ’ ਹੇਠ ਭਾਰਤ ਆਉਣ ਜਾਂ ਵਿਦੇਸ਼ ਜਾਣ ਵਾਸਤੇ ਹਵਾਈ ਟਿਕਟਾਂ ਜਾਰੀ ਕਰਨ ਵੇਲੇ ਯਾਤਰੀਆਂ ਤੋਂ ਵਾਧੂ ਵਸੂਲੀ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਸਬੰਧੀ ਕੇਂਦਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਪੱਤਰ ਭੇਜ ਕੇ ਉਨ੍ਹਾਂ ਦਾ ਦਖਲ ਮੰਗਿਆ ਹੈ।

ਆਪਣੇ ਪੱਤਰ ਵਿੱਚ ਗੁਰਜੀਤ ਸਿੰਘ ਔਜਲਾ ਨੇ ਦੋਸ਼ ਲਾਇਆ ਕਿ ਏਅਰ ਇੰਡੀਆ ਦੀਆਂ ਵੰਦੇ ਭਾਰਤ ਮਿਸ਼ਨ ਦੀਆਂ ਟਿਕਟਾਂ ਦੀ ਵੰਡ ਵਿੱਚ ਸਭ ਕੁਝ ਠੀਕ ਨਹੀਂ ਹੋ ਰਿਹਾ। ਟਿਕਟਾਂ ਵੇਚਣ ਦੀ ਆਗਿਆ ਟ੍ਰੈਵਲ ਏਜੰਟਾਂ ਨੂੰ ਵੀ ਦਿੱਤੀ ਹੋਈ ਹੈ। ਇਸ ਬਾਰੇ ਯਾਤਰੀਆਂ ਵੱਲੋਂ ਵੀ ਸ਼ਿਕਾਇਤਾਂ ਹੋ ਰਹੀਆਂ ਹਨ। ਮਾਝਾ ਖੇਤਰ ਨਾਲ ਸਬੰਧਤ ਕਈ ਲੋਕਾਂ ਨੇ ਇਹ ਮਾਮਲਾ ਉਨ੍ਹਾਂ ਕੋਲ ਉਭਾਰਿਆ ਹੈ।ਉਨ੍ਹਾਂ ਆਖਿਆ ਕਿ ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ ਤੇ ਹੋਰ ਥਾਵਾਂ ਉਤੇ ਪੜ੍ਹਾਈ ਕਰ ਰਹੇ ਜਾਂ ਪੱਕੇ ਤੌਰ ’ਤੇ ਰਹਿੰਦੇ ਲੋਕਾਂ ਨੇ ਦੋਸ਼ ਲਾਏ ਹਨ ਕਿ ਉਨ੍ਹਾਂਤੋਂ ਯਾਤਰਾ ਲਈ ਟਿਕਟ ਦੇਣ ਵਾਸਤੇ ਵਾਧੂ ਰਕਮ ਵਸੂਲੀ ਜਾ ਰਹੀ ਹੈ। ਕਈ ਵਾਰ ਯਾਤਰੀਆਂ ਨੂੰ ਇਸ ਦੀ ਅਸਲੀ ਰਸੀਦ ਵੀ ਨਹੀਂ ਦਿੱਤੀ ਗਈ। ਕਈਆਂ ਦੀਆਂ ਟਿਕਟਾਂ ਦੇ ਪੈਸੇ ਵਾਪਸ ਕਰਨ ਵਿੱਚ ਅੜਿੱਕੇ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕੋਰੋਨਾ ਮਹਾਂਮਾਰੀ ਦੌਰਾਨ ਵੱਖ-ਵੱਖ ਦੇਸ਼ਾਂ ਵਿੱਚ ਫਸੇ ਭਾਰਤੀਆਂ ਦੀ ਵਾਪਸੀ ਲਈ ਵਿਸ਼ੇਸ਼ ਉਡਾਣਾਂ ਸ਼ੁਰੂ ਕੀਤੀਆਂ ਹਨ, ਪਰ ਕੁਝ ਲੋਕਾਂ ਵੱਲੋਂ ਇਸ ਯੋਜਨਾ ਦੇ ਪਰਦੇ ਹੇਠ ਯਾਤਰੀਆਂ ਕੋਲੋਂ ਵਾਧੂ ਰਕਮ ਵਸੂਲੀ ਜਾ ਰਹੀ ਹੈ।


Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation (with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
BOBBY SIDHU
partner
(Serving the Community for Over 16 yrs.)
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com



NEEDED TRUCK & TRAILOR MECHANIC
ਟਰੱਕ ਅਤੇ ਟਰੇਲਰ ਮਕੈਨਿਕ ਦੀ ਲੋੜ
WHEEL KING TRANS HAUL INC.
Home Terminal in Milton, ON (400 Meters away HWY 401)
❖Full time Job ❖Good Pay
❖Homely Environment
❖Experienced & Trained Mechanic will be preffered
For all enquiries contact VANJOT:
www.wheelkingtranshaul.com
647 533 1100
475 Harrop Drive, Milton, ON L9T 3H3, Canada



REXDALE BODY SHOP
USED CAR SALE
Specialization In:
★All Kinds of Body Work
★Auto Glass Windshield
★Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਵਿਅੰਗ ਸਿਕਸਟੀ ਪਲੱਸ ਜੀ : ਬਚ ਕੇ ਰਹਿਣਾ ਰੇ ਬਾਬਾ

-ਨਿਰਮਲਾ ਗੁਪਤਾ-

ਬੀਮਾ ਕਰਵਾ ਲਓ ਬੀਮਾ। ਮਹਿੰਗਾ ਨਹੀਂ ਹੈ। ਟੀ ਵੀ ਉੱਤੇ ਇੰਸ਼ੋਰੈਂਸ਼ ਵਾਲੇ ਭਾਈ ਸਾਹਿਬ ਪੂਰਾ ਦਿਨ ਅਪਣੱਤ ਭਰਿਆ ਉਲਾਂਭਾ ਦਿੰਦੇ ਰਹਿੰਦੇ ਹਨ। ਡਰਾਇੰਗ ਰੂਮ ਦੇ ਕਾਊਚ ਉੱਤੇ ਅਧਲੇਟੇ ਸਿਕਸਟੀ ਪਲੱਸ ਜੀ ਨੂੰ ਲੱਗਦਾ ਹੈ ਕਿ ਬਾਜ਼ਾਰ ਉਨ੍ਹਾਂ ਦੇ ਭਰਮਾਉਣ ਵਾਲੇ ਈਵੈਂਟ ਵਿੱਚ ਨਜ਼ਰ ਗੱਡੀ ਖੜ੍ਹਾ ਹੈ। ਕਿਸੇ ਨੇ ਸੀਨੀਅਰਸ ਦੇ ਵਟਸਐਪ ਗਰੁੱਪ 'ਤੇ ਦੱਸਿਆ: 'ਸੀ ਪੀ ਵਾਲੇ ਚੋਪੜਾ ਦਾ ਫੋਨ ਨੰਬਰ ਸਭ ਲੋਕ ਲੈ ਕੇ ਰੱਖੋ। ਸਲਾਹ ਜ਼ਰੂਰ ਕੰਮ ਆਵੇਗੀ।'

''ਕੌਣ ਚੋਪੜਾ।'' ਕਿਸੇ ਨੇ ਪੁੱਛਿਆ।

''ਉਹੀ ਜੋ ਪਹਿਲਾਂ ਰੇਲਵੇ ਵਿੱਚ ਬਿਨਾਂ ਰਿਜ਼ਰਵੇਸ਼ਨ ਬਰਥ ਦਿਲਵਾਉਂਦਾ ਸੀ। ਅੱਜਕੱਲ੍ਹ ਦੱਸਦੇ ਹਨ ਕਿ ਉਸ ਦੇ ਮੈਡੀਕਲ ਬਿਰਾਦਰੀ ਵਿੱਚ ਵੀ ਚੰਗੇ ਕੁਨੈਕਸ਼ਨ ਹੋ ਗਏ ਹਨ। ਕਦੇ ਐਮਰਜੈਂਸੀ ਹੋਈ ਤਾਂ ਲੈ ਦੇ ਕੇ ਬੰਦਾ ਕਿਸੇ ਨਾ ਕਿਸੇ ਹਸਪਤਾਲ ਵਿੱਚ ਬੈੱਡ ਦਿਵਾ ਦੇਵੇਗਾ। ਲੋਕ ਕਹਿੰਦੇ ਹਨ ਕਿ ਬੰਦਾ ਹੈ ਤਾਂ ਚਾਰ ਸੌ ਵੀਹ, ਪਰ ਉਹ ਦਿਲ ਦਾ ਭਲਾ ਹੈ। ਮਾਰਕੀਟ 'ਚ ਉਸ ਦੀ ਚੰਗੀ ਰੈਪੂਟੇਸ਼ਨ ਹੈ।''

''ਕਿਸੇ ਮੋਰਚਰੀ ਵਾਲੇ ਦਾ ਵੀ ਅਤਾ-ਪਤਾ ਲੈ ਦਿਓ। ਕੌਣ ਜਾਣੇ ਇਸ ਕੋਰੋਨਾ ਕਾਲ ਵਿੱਚ ਕਦੋਂ ਉਸ ਦੀ ਲੋੜ ਪੈ ਜਾਵੇ।'' ਕਿਸੇ ਨੇ ਤਲਖ ਹਕੀਕਤ ਬਿਆਨ ਕੀਤੀ ਤਾਂ ਗਰੁੱਪ ਵਿੱਚ ਮਾਹੌਲ ਜ਼ਰਾ ਬੋਝਲ ਹੋਇਆ। ਉਦੋਂ ਗਰੁੱਪ ਐਡਮਿਨ ਨੇ ਤੁਰੰਤ ਕੁਝ ਹੱਸਦੇ ਗਾਉਂਦੇ ਇਮੋਜੀ ਪਾ ਕੇ ਦਖਲ ਅੰਦਾਜ਼ੀ ਕੀਤੀ। ਸਥਿਤੀ ਕੁਝ ਸਾਧਾਰਨ ਹੋਈ। ਅੱਜ ਦੇ ਸਮੇਂ ਵਿੱਚ ਇਮੋਜੀ ਹੀ ਹੈ, ਜਿਸ ਦੀ ਵਰਤੋਂ ਨਾਲ ਵਾਤਾਵਰਣ ਵਿੱਚ ਫੈਲੀ ਕੜਵਾਹਟ ਜ਼ਰਾ ਘੱਟ ਹੋ ਜਾਂਦੀ ਹੈ। ਸੋਸ਼ਲ ਮੀਡੀਆ 'ਤੇ ਤਾਂ ਤੇਜ਼ਾਬੀ ਸ਼ਬਦ ਹਰਦਮ ਗਸ਼ਤ ਕਰਦੇ ਹਨ।

ਕੋਵਿਡ ਆਗਮਨ ਤੋਂ ਪਹਿਲਾਂ ਉਹ ਚੰਗੇ ਖਾਸੇ ਸੀਨੀਅਰ ਸਿਟੀਜ਼ਨ ਸਨ। ਸਵੇਰੇ-ਸਵੇਰੇ ਸਰੀਰ ਉੱਤੇ ਬਹੁਰੰਗਾ ਟਰੈਕ ਸੂਟ ਸਜਾ ਕੇ ਅਤੇ ਪੈਰਾਂ 'ਚ ਤੋਤੀਆ ਰੰਗ ਦੇ ਸਪੋਰਟਸ ਸ਼ੂ ਧਾਰਨ ਕਰ ਕੇ ਮਾਰਨਿੰਗ ਵਾਕ 'ਤੇ ਆਉਂਦੇ-ਜਾਂਦੇ। ਉਥੋਂ ਪਰਤਦੇ ਹੋਏ ਰੇਹੜੀ 'ਤੇ ਖੜ੍ਹੇ ਹੋ ਕੇ ਕਰੇਲਾ, ਟਮਾਟਰ ਆਦਿ ਦਾ ਜੂਸ ਪੀਂਦੇ। ਗੱਲਾਂ ਹੀ ਗੱਲਾਂ ਵਿੱਚ ਜਤਾਉਂਦੇ ਕਿ ਇਸ ਉਮਰ 'ਚ ਵੀ ਉਹ ਫਾਈਟਿੰਗ ਫਿੱਟ ਹਨ। ਉਨ੍ਹਾਂ ਦੇ ਬੇਟਾ-ਬੇਟੀ ਯੂ ਐੱਸ ਵਿੱਚ ਵੈੱਲ ਸੈਟਲਡ ਹਨ। ਉਹ ਉਥੇ ਚਮਚਮਾਉਂਦੀ ਗੱਡੀ 'ਚ ਫਰਾਟਾ ਭਰਦੇ ਹਨ। ਉਨ੍ਹਾਂ ਦੇ ਪੁੱਤ-ਪੋਤਰੇ ਗੋਰੇ-ਗੋਰੇ ਅਤੇ ਨੀਲੀਆਂ ਅੱਖਾਂ ਵਾਲੇ ਹਨ। ਉਹ ਧੜਾਧੜ ਇੰਗਲਿਸ਼ ਬੋਲਦੇ ਹਨ। ਬੱਚੇ ਮਹੀਨੇ-ਦੋ ਮਹੀਨੇ 'ਚ ਵੀਡੀਓ ਕਾਲ ਕਰ ਕੇ ਹਾਲ-ਚਾਲ ਜ਼ਰੂਰ ਪੁੱਛ ਲੈਂਦੇ ਸਨ।

ਅੱਜ ਕੱਲ੍ਹ ਉਹ ਸਾਰੇ ਮੂੰਹ 'ਤੇ ਮਾਸਕ ਬੰਨ੍ਹ ਕੇ ਹੈਲੋ-ਹਾਏ ਕਰਦੇ ਹਨ। ਉਹ ਡਰਦੇ ਹਨ ਕਿ ਕਿਤੇ ਵਾਇਰਸ ਉਨ੍ਹਾਂ ਨੂੰ ਆਪਣੀ ਲਪੇਟ ਵਿੱਚ ਨਾ ਲੈ ਲਏ। ਚੈਨਲ ਵਾਲੇ ਬਜ਼ੁਰਗ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਦੀ ਕਾਰਗੁਜ਼ਾਰੀ ਵਾਰ-ਵਾਰ ਦਿਖਾ ਕੇ ਪੂਰਾ ਦਿਨ ਡਰਾਉਂਦੇ ਹਨ। ਵਾਰ-ਵਾਰ ਦੱਸੀ ਜਾਂਦੇ ਹਨ ਕਿ ਸਿਕਸਟੀ ਪਲੱਸ ਵਾਲਾ ਇੱਕ ਵਾਰ ਇਸ ਰੋਗ ਦੀ ਲਪੇਟ ਵਿੱਚ ਆ ਗਿਆ, ਟੈਸਟ ਰਿਪੋਰਟ ਤਾਂ ਜਦੋਂ ਪਾਜ਼ੀਟਿਵ ਆਵੇਗੀ, ਉਸ ਤੋਂ ਪਹਿਲਾਂ ਹੀ ਬਾਕੀ ਸਕੇ-ਸੰਬੰਧੀ ਤੁਹਾਨੂੰ 'ਡਿਟੈਕਟ' ਹੋਇਆ ਪਾ ਕੇ ਤੁਰੰਤ ਆਪਣੀ ਕਾਨਟੈਕਟ ਲਿਸਟ 'ਚੋਂ ਡਿਲੀਟ ਕਰ ਦੇਣਗੇ। ਸਿਆਣੇ ਦੱਸਦੇ ਹਨ ਕਿ ਭਾਵੁਕ ਲੋਕ ਇਸ ਦੀ ਲਪੇਟ ਵਿੱਚ ਜਲਦੀ ਆ ਰਹੇ ਹਨ। ਸ਼ਾਇਦ ਇਹੀ ਵਜ੍ਹਾ ਹੈ ਕਿ ਕੋਈ ਬੰਦਾ ਪੀੜਤ ਹੋਇਆ ਨਹੀਂ ਕਿ ਲੋਕ ਬਤੌਰ ਅਹਿਤੀਆਤ ਮੋਢੇ ਉਤੇ ਕਰ ਕੇ ਕਹਿੰਦੇ ਹਨ, ''ਇਨਫੈਕਟ, ਵੀ ਡੋਂਟ ਨੋ ਹਿਮ ਪਰਸਨਲੀ।' ਤਾਂ ਕਿ ਵਾਇਰਸ ਉਸ ਨੂੰ ਭਾਵਨਾਤਮਕ ਐਂਗਲ ਤੋਂ ਵੀ ਛੂਹ ਨਾ ਪਾਵੇ।

ਮਹਾਮਾਰੀ ਦੇ ਚਲਦੇ ਸਿਕਸਟੀ ਪਲੱਸ ਵਾਲਿਆਂ ਦੀ ਬਾਏ ਡਿਫਾਲਟ ਕੰਟੇਨਮੈਂਟ ਜ਼ੋਨ 'ਚ ਹਾਜ਼ਰੀ ਮੰਨ ਲਈ ਗਈ ਹੈ। ਐਨ ਆਰ ਆਈ ਨਸਲ ਦੀ ਸੰਤਾਨ ਵਕਤ-ਬੇਵਕਤ ਹੈਲਥ ਐਡਵਾਇਜ਼ਰੀ ਜਾਰੀ ਕਰਦੀ ਰਹਿੰਦੀ ਹੈ ਕਿ 'ਪਾਪਾ, ਇਹ ਕਰਨਾ ਤੇ ਇਹ ਨਹੀਂ ਕਰਨਾ। ਘੱਟ ਖਾਣਾ, ਗਰਮ ਖਾਣਾ 'ਤੇ ਪਾਣੀ ਕੋਸਾ ਹੀ ਪੀਣਾ। ਡਰਿੰਕਸ ਲੈਣਾ, ਪਰ ਆਨ ਦਿ ਰਾਕਸ ਨਾ ਲੈਣਾ। ਸਾਦਾ ਪਾਣੀ ਮਿਲਾ ਲੈਣਾ, ਪਰ ਕਾੜ੍ਹਾ ਹਮੇਸ਼ਾ ਗਰਮਾ ਗਰਮ ਲੈਣਾ।''

ਉਹ ਅੱਗੇ ਕਹਿੰਦੀ ਹੈ, ''ਚਾਲੀ ਡਿਗਰੀ ਤਾਪਮਾਨ ਤੇ ਅੱਸੀ ਫੀਸਦੀ ਹਿਊਮੀਡਿਟੀ 'ਚ ਏ ਸੀ ਆਨ ਨਾ ਕਰਿਓ। ਕਹਿੰਦੇ ਹਨ ਠੰਢੀ ਖੁਸ਼ਕ ਹਵਾ ਪਾ ਕੇ ਵਾਇਰਸ ਉਥੇ ਆਪਣੀ ਕਾਲੋਨੀ ਵਸਾ ਲੈਂਦੇ ਹਨ। ਗੱਲ-ਗੱਲ ਉਤੇ ਭੁੱਲੇ-ਵਿਸਰੇ ਦਿਨਾਂ ਦਾ ਹਵਾਲਾ ਨਾ ਦੇਣਾ। ਡਾਇਰੀ ਵਿੱਚ ਵੀ ਆਪਣੇ ਪੁਰਾਣੇ ਸੁਨਹਿਰੇ ਦਿਨਾਂ ਦਾ ਕਦੇ ਜ਼ਿਕਰ ਨਾ ਕਰਨਾ। ਖੈਰ, ਇਸ ਮੁੱਦੇ 'ਤੇ ਕਵਿਤਾ ਲਿਖਣਾ ਚਾਹੋ ਤਾਂ ਲਿਖ ਦਿਓ।''

ਇਥੇ ਹੀ ਬੱਸ ਨਹੀਂ, ਨਸੀਹਤਾਂ ਦਾ ਡੋਜ਼ ਪਿਲਾਉਂਦੀ ਸੰਤਾਨ ਅੱਗੇ ਕਹਿੰਦੀ ਹੈ, ''ਤੁਹਾਡੇ ਵਾਲੇ ਟਾਈਪ ਦੀਆਂ ਕਵਿਤਾਵਾਂ ਨੂੰ ਉਥੇ ਸਮਝਦਾ ਕੌਣ ਹੈ, ਪਰ ਬੀਤੇ ਦੀ ਜੁਗਲੀ ਕਦੇ ਨਾ ਕਰਨਾ। ਐਕਚੁਲੀ, ਨਾਸਟੈਲਜ਼ਿਆ ਕਿਲਸ। ਇਸ ਨੂੰ ਸਮੋਕਿੰਗ ਤੋਂ ਵੀ ਵੱਧ ਹਾਨੀਕਾਰਕ ਮੰਨਿਆ ਜਾਂਦਾ ਹੈ।''

ਬੇਟੀ ਕਹਿੰਦੀ ਹੈ, ''ਡੈਡੀ, ਬੈਠੇ ਹੋਏ ਸੁਫਨੇ ਨਾ ਦੇਖਣ ਲੱਗਿਓ, ਐਕਸਪਰਟ ਕਹਿੰਦੇ ਹਨ ਕਿ ਸਵੀਟ ਡ੍ਰੀਮਸ ਸਾਡੇ ਇਮਿਊਨ ਸਿਸਟਮ ਨੂੰ ਖਰਾਬ ਕਰਦੇ ਹਨ। ਚੰਗੀ ਹੈਲਥ ਲਈ ਡ੍ਰੀਮਲੈਸ ਨੀਂਦ ਹੀ ਫਾਇਦੇਮੰਦ ਹੁੰਦੀ ਹੈ।''

ਬੇਟਾ ਤਾਕੀਦ ਕਰਦਾ ਹੈ ਕਿ, ''ਸੁਫਨੇ ਦੇਖਣੇ ਤਾਂ ਸ਼ੂਗਰ ਫ੍ਰੀ ਦੇਖਣਾ। ਪਾਪਾ, ਯੂ ਆਰ ਬਿਓਂਡ ਸਿਕਸਟੀ। ਬਚ ਕੇ ਰਹਿਣਾ।''

ਬੇਟੀ ਨੇ ਤੁਰੰਤ ਕੋਲੋਨ 'ਚ ਨਿਚੋੜਿਆ ਰੁਮਾਲ ਦਿਖਾਇਆ, ''ਡੋਂਟ ਬੀ ਇਮੋਸ਼ਨਲ ਡੈਡੀ। ਜਾਓ ਆਪਣੀਆਂ ਅੱਖਾਂ ਵੀ ਚੰਗੀ ਤਰ੍ਹਾਂ ਨਾਲ ਸੈਨੀਟਾਈਜ਼ ਕਰ ਲਓ।''

''ਚਿੱਲ ਪਾਪਾ ਚਿੱਲ।'' ਬੇਟੇ ਨੇ ਗੋਦੀ 'ਚ ਬਿਠਾਏ ਗਏ ਝਬਰੈਲੇ ਕੁੱਤੇ ਦੇ ਸਿਰ 'ਤੇ ਹੱਥ ਫੇਰਦੇ ਹੋਏ ਪਿਆਰ ਨਾਲ ਕਿਹਾ।

ਇਹ ਗੱਲਾਂ ਸੁਣ ਕੇ ਸਿਕਸਟੀ ਪਲੱਸ ਜੀ ਇੰਨੀ ਜ਼ੋਰ ਨਾਲ ਹੱਸੇ ਕਿ ਉਨ੍ਹਾਂ ਦੀਆਂ ਅੱਖਾਂ ਭਰ ਗਈਆਂ। ਇਹ ਗਿੱਲਾਪਣ ਖਾਰਾ ਸੀ ਜਾਂ ਸਾਦਾ, ਕੀ ਪਤਾ।

## -ਹਲਕਾ ਫੁਲਕਾ-

ਅਸ਼ੋਕ (ਅਤੁਲ ਨੂੰ), ''ਇਹ ਮੇਰਾ ਵਫਾਦਾਰ ਕੁੱਤਾ ਹੈ। ਰੋਜ਼ ਸਵੇਰੇ ਅਖਬਾਰ ਚੁੱਕ ਕੇ ਲਿਆਉਂਦਾ ਹੈ ਅਤੇ ਮੈਨੂੰ ਦਿੰਦਾ ਹੈ।''

ਅਤੁਲ, ''ਇਸ ਵਿੱਚ ਵਫਾਦਾਰੀ ਵਾਲੀ ਕਿਹੜੀ ਗੱਲ ਹੈ?''

ਅਸ਼ੋਕ, ''ਉਹ ਇਹ ਕਿ ਇਹ ਅਖਬਾਰ ਗੁਆਂਢੀਆਂ ਦੇ ਘਰ ਦੇ ਬਾਹਰੋਂ ਲਿਆਉਂਦਾ ਹੈ।''

## -ਬਿਊਟੀ ਟਿਪਸ-

### ਘਰੇਲੂ ਨੁਸਖਿਆਂ ਨਾਲ ਕਰੋ ਕੂਹਣੀਆਂ ਦਾ ਕਾਲਾਪਣ ਦੂਰ

ਅਕਸਰ ਔਰਤਾਂ ਚਿਹਰੇ 'ਤੇ ਬਹੁਤ ਧਿਆਨ ਦਿੰਦੀਆਂ ਹਨ, ਪਰ ਕੂਹਣੀਆਂ ਨੂੰ ਨਜ਼ਰ ਅੰਦਾਜ਼ ਕਰ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਕੂਹਣੀ ਦੀ ਸਕਿਨ ਹੌਲੀ-ਹੌਲੀ ਕਾਲੀ ਪੈਂਦੀ ਜਾਂਦੀ ਹੈ, ਜੋ ਆਸਾਨੀ ਨਾਲ ਸਾਫ ਨਹੀਂ ਹੁੰਦੀ। ਇਹੀ ਹਾਲ ਗੋਡਿਆਂ ਦਾ ਹੁੰਦਾ ਹੈ। ਇਨ੍ਹਾਂ ਦਾ ਸਾਫ ਕਰਨ ਦੇ ਲਈ ਪੇਸ਼ ਹਨ ਕੁਝ ਘਰੇਲੂ ਟਿਪਸ:-

ਖੀਰਾ-ਬਲੀਚਿੰਗ: ਗੁਣਾਂ ਦੇ ਕਾਰਨ ਖੀਰਾ ਗੋਡਿਆਂ ਅਤੇ ਕੂਹਣੀਆਂ ਦੇ ਕਾਲੇਪਣ ਤੋਂ ਛੁਟਕਾਰਾ ਪਾਉਣ ਵਿੱਚ ਸਭ ਤੋਂ ਪ੍ਰਭਾਵੀ ਸਾਧਨ ਹੈ। ਇਹ ਸਕਿਨ ਦੇ ਮ੍ਰਿਤ ਸੈੱਲਾਂ ਨੂੰ ਘਟਾਉਂਦਾ ਹੈ ਅਤੇ ਉਸ ਨੂੰ ਨਮੀ-ਯੁਕਤ ਰੱਖਦਾ ਹੈ।

* ਕੂਹਣੀ ਅਤੇ ਗੋਡਿਆਂ 'ਤੇ ਖੀਰੇ ਦੇ ਮੋਟੇ ਸਲਾਈਸ ਰਗੜੋ ਅਤੇ 15 ਮਿੰਟ ਲਈ ਇਉਂ ਛੱਡ ਦਿਓ। ਫਿਰ ਪਾਣੀ ਨਾਲ ਧੋ ਲਓ। ਖੀਰੇ ਤੇ ਨਿੰਬੂ ਦੇ ਰਸ ਨੂੰ ਬਰਾਬਰ ਮਾਤਰਾ ਵਿੱਚ ਮਿਲਾ ਕੇ ਵੀ ਲਾ ਸਕਦੇ ਹੋ। ਇਸ ਮਿਸ਼ਰਣ ਨੂੰ ਗੋਡਿਆਂ, ਕੂਹਣੀਆਂ ਅਤੇ ਅੰਡਰ ਆਰਮਸ 'ਤੇ ਲਾਓ। ਵੀਹ ਮਿੰਟ ਦੇ ਲਈ ਸੁੱਕਣ ਦਿਓ ਅਤੇ ਫਿਰ ਠੰਢੇ ਪਾਣੀ ਨਾਲ ਧੋ ਲਓ।

ਨਿੰਬੂ ਅਤੇ ਬੇਕਿੰਗ ਸੋਡਾ:

ਨਿੰਬੂ ਦੀ ਵਰਤੋਂ ਚਮੜੀ ਦੇ ਰੰਗ ਨੂੰ ਹਲਕਾ ਕਰਨ ਦੇ ਲਈ ਕੀਤੀ ਜਾਂਦੀ ਹੈ। ਬੇਕਿੰਗ ਸੋਡਾ ਚਮੜੀ ਦੇ ਕਾਲੇ ਹਿੱਸਿਆਂ ਨੂੰ ਪਹਿਲਾਂ ਵਾਂਗ ਕਰਨ ਦੇ ਲਈ ਇੱਕ ਪ੍ਰਭਾਵੀ ਕਲੀਨਜਰ ਦੇ ਰੂਪ ਵਿੱਚ ਕੰਮ ਕਰਦਾ ਹੈ।

* ਕੱਟੇ ਨਿੰਬੂ 'ਤੇ ਇੱਕ ਵੱਡਾ ਚਮਚ ਬੇਕਿੰਗ ਸੋਡਾ ਛਿੜਕੋ ਅਤੇ ਇਸ ਨੂੰ ਕੂਹਣੀ ਅਤੇ ਗੋਡਿਆਂ 'ਤੇ ਇੱਕ ਮਿੰਟ ਲਈ ਰਗੜੋ। ਲਾ ਕੇ 15 ਮਿੰਟ ਇੰਝ ਹੀ ਛੱਡ ਦਿਓ, ਫਿਰ ਕੋਸੇ ਪਾਣੀ ਨਾਲ ਧੋ ਲਓ। ਇਹ ਪ੍ਰਕਿਰਿਆ ਹਰ ਰੋਜ਼ ਦੋ ਦਿਨ ਬਾਅਦ ਇੱਕ ਵਾਰ ਦੁਹਰਾਓ।

ਐਲੋਵੇਰਾ ਅਤੇ ਦੁੱਧ

ਐਲੋਵੇਰਾ ਚਮੜੀ ਨੂੰ ਮਾਇਸ਼ਚਾਈਜ਼ ਕਰਨ ਅਤੇ ਸਕਿਨ ਟੋਨ ਵਿੱਚ ਸੁਧਾਰ ਲਈ ਜਾਣਿਆ ਜਾਂਦਾ ਹੈ। ਇਸ ਵਿੱਚ ਐਂਟੀ-ਬੈਕਟੀਰੀਅਲ ਅਤੇ ਐਂਟੀ-ਫੰਗਲ ਗੁਣ ਵੀ ਹੁੰਦੇ ਹਨ।

* ਦੁੱਧ ਅਤੇ ਐਲੋਵੇਰਾ ਜੈੱਲ ਨੂੰ ਬਰਾਬਰ ਮਾਤਰਾ ਵਿੱਚ ਮਿਲਾਓ। ਇਸ ਮਿਸ਼ਰਣ ਨੂੰ ਪ੍ਰਭਾਵਤ ਹਿੱਸੇ 'ਤੇ ਲਗਾਓ ਅਤੇ ਸਾਰੀ ਰਾਤ ਲੱਗਾ ਰਹਿਣ ਦਿਓ। ਸਵੇਰੇ ਉਠ ਕੇ ਪਾਣੀ ਨਾਲ ਧੋ ਲਓ।

ਆਲੂ

ਇਹ ਚਮੜੀ ਦੇ ਗਹਿਰੇ ਹਿੱਸੇ ਨੂੰ ਹਲਕਾ ਕਰਨ ਵਿੱਚ ਮਦਦਗਾਰ ਹੈ। ਇਸ ਦਾ ਰੋਜ਼ਾਨਾ ਇਸਤੇਮਾਲ ਕਰਨ ਨਾਲ ਚਮੜੀ ਮੁਲਾਇਮ ਬਣਦੀ ਹੈ ਅਤੇ ਡਾਰਕ ਪੈਚੇਜ ਤੋਂ ਛੁਟਕਾਰਾ ਮਿਲਦਾ ਹੈ।

* ਆਲੂ ਨੂੰ ਕੱਦੂਕਸ਼ ਕਰ ਕੇ ਰਸ ਨਿਚੋੜ ਲਓ। ਇਸ ਰਸ ਨੂੰ ਕਾਲੇ ਹਿੱਸੇ 'ਤੇ ਲਾ ਕੇ 15 ਮਿੰਟ ਲਈ ਛੱਡ ਦਿਓ। ਫਿਰ ਪਾਣੀ ਨਾਲ ਧੋ ਕੇ ਮਾਇਸ਼ਚਰਾਈਜ਼ਰ ਲਾ ਲਓ। ਅਜਿਹਾ ਹਰ ਦੋ ਦਿਨ ਵਿੱਚ ਇੱਕ ਵਾਰ ਕਰੋ।

ਹਲਦੀ

ਗੋਡਿਆਂ ਅਤੇ ਕੂਹਣੀਆਂ ਤੋਂ ਕਾਲੇਪਣ ਅਤੇ ਮ੍ਰਿਤ ਸੈੱਲਾਂ ਨੂੰ ਹਟਾਉਣ ਦੇ ਲਈ ਹਲਦੀ ਸਭ ਤੋਂ ਵਧੀਆ ਕੁਦਰਤੀ ਇਲਾਜ ਹੈ। * ਇੱਕ ਚਮਚ ਦੁੱਧ ਵਿੱਚ ਥੋੜ੍ਹੀ ਜਿਹੀ ਹਲਦੀ ਮਿਲਾਓ ਅਤੇ ਫਿਰ ਪ੍ਰਭਾਵਤ ਹਿੱਸੇ 'ਤੇ ਲਾਓ। ਮਿਸ਼ਰਣ ਕੁਦਰਤੀ ਰੂਪ ਤੋਂ ਸੁੱਕ ਨਾ ਜਾਏ, ਤਦ ਤੱਕ ਇਸ ਨੂੰ ਮਾਲਿਸ਼ ਕਰੋ (ਕੁਝ ਮਿੰਟ)। ਫਿਰ ਕੋਸੇ ਪਾਣੀ ਨਾਲ ਧੋ ਲਓ।

ਨਾਰੀਅਲ ਤੇਲ

ਇਸ ਤੇਲ ਵਿੱਚ ਜ਼ਰੂਰੀ ਫੈਟੀ ਐਸਿਡ ਅਤੇ ਵਿਟਾਮਿਨ-ਈ ਹੁੰਦਾ ਹੈ, ਜੋ ਮ੍ਰਿਤ ਚਮੜੀ ਦੀ ਮੁਰੰਮਤ ਕਰਦਾ ਹੈ।

* ਨਹਾਉਣ ਦੇ ਬਾਅਦ ਪ੍ਰਭਾਵਤ ਜਗ੍ਹਾ 'ਤੇ ਨਾਰੀਅਲ ਤੇਲ ਲਾਓ। ਦੋ ਤੋਂ ਤਿੰਨ ਮਿੰਟ ਦੇ ਲਈ ਹੌਲੀ-ਹੌਲੀ ਮਾਲਿਸ਼ ਕਰੋ, ਜਦ ਤੱਕ ਕਿ ਤੇਲ ਚਮੜੀ ਵਿੱਚ ਨਾ ਚਲਾ ਜਾਏ। ਇੱਕ ਚਮਚ ਨਾਰੀਅਲ ਦੇ ਤੇਲ ਵਿੱਚ ਅੱਧਾ ਚਮਚ ਨਿੰਬੂ ਦਾ ਤਾਜ਼ਾ ਰਸ ਵੀ ਮਿਲਾ ਸਕਦੇ ਹੋ। ਇਸ ਮਿਸ਼ਰਣ ਨਾਲ ਗੋਡਿਆਂ ਅਤੇ ਕੂਹਨੀਆਂ 'ਤੇ ਹੌਲੀ-ਹੌਲੀ ਮਾਲਿਸ਼ ਕਰੋ।

## ਰਸੋਈ: ਸਪੈਸ਼ਲ ਕੇਸਰ ਵਾਲੀ ਖੀਰ

ਸਮੱਗਰੀ- ਅੱਧਾ ਲੀਟਰ ਫੁਲ-ਕਰੀਮ ਦੁੱਧ, ਅੱਧਾ ਕੱਪ ਬਾਸਮਤੀ ਚੌਲ, ਇੱਕ-ਦੋ ਧਾਗੇ ਕੇਸਰ, ਅੱਧਾ ਕੱਪ ਖੰਡ, ਇੱਕ ਚੌਥਾਈ ਕੱਪ ਕੱਦੂਕਸ਼ ਕੀਤਾ ਨਾਰੀਅਲ, ਇੱਕ ਚੌਥਾਈ ਕਪ ਛੋਟੇ ਟੁਕੜੇ ਵਿੱਚ ਕੱਟੇ ਹੋਏ ਕਾਜੂ, ਇੱਕ ਚੌਥਾਈ ਕਪ ਛੋਟੇ ਟੁਕੜੇ ਵਿੱਚ ਕੱਟੇ ਹੋਏ ਬਾਦਾਮ, ਇੱਕ ਚੌਥਾਈ ਕੱਪ ਛੋਟੇ ਟੁਕੜੇ ਹੋਏ ਕੱਟਿਆ ਹੋਇਆ ਪਿਸਤਾ, ਇੱਕ ਚਮਚ ਇਲਾਇਚੀ ਪਾਊਡਰ।

ਵਿਧੀ- ਸਭ ਤੋਂ ਪਹਿਲਾਂ ਚੌਲਾਂ ਨੂੰ ਧੋ ਕੇ ਇੱਕ ਘੰਟੇ ਲਈ ਭਿਉਂ ਕੇ ਰੱਖ ਦਿਓ। ਇਸ ਦੇ ਨਾਲ ਹੀ ਦੋ ਚਮਚ ਦੁੱਧ ਵਿੱਚ ਕੇਸਰ ਭਿਉਂ ਕੇ ਰੱਖੋ। ਇੱਕ ਭਾਰੀ ਤਲੇ ਵਾਲੇ ਪੈਨ ਵਿੱਚ ਦੁੱਧ ਪਾ ਕੇ ਗਰਮ ਕਰੋ। ਜਦ ਦੁੱਧ ਵਿੱਚ ਉਬਾਲ ਆਉਣ ਲੱਗੇ ਤਦ ਇਸ ਵਿੱਚ ਕੇਸ ਅਤੇ ਚੌਲ ਪਾਓ। ਇਸ ਦੇ ਬਾਅਦ ਗੈਸ ਮੱਧਮ ਕਰ ਕੇ ਇਸ ਨੂੰ ਪੱਕਣ ਦਿਓ, ਜਿਸ ਨਾਲ ਇਹ ਇਹ ਸੁਆਦਲੀ ਤੇ ਕ੍ਰੀਮੀ ਹੋ ਜਾਏ। ਜਦ ਇਹ ਪੱਕ ਜਾਏ ਤਾਂ ਇਸ ਵਿੱਚ ਖੰਡ, ਇਲਾਇਚੀ ਪਾਊਡਰ, ਨਾਰੀਅਲ ਅਤੇ ਸਾਰੇ ਮੇਵੇ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ। ਇਸ ਨੂੰ ਇੱਕ ਵੱਡੇ ਬਾਊਲ ਵਿੱਚ ਕੱਢ ਕੇ ਪਿਸਤਾ ਅਤੇ ਬਾਦਾਮ ਨਾਲ ਗਾਰਨਿਸ਼ ਕਰ ਕੇ ਸਰਵ ਕਰੋ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

MARVES HARDWOOD FLOORING

Services:
Fence - Hardwood Flooring
Stairs - Small Renovation
John
416-787-6551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ | ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-


Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਪਾਕਿਸਤਾਨ ਦੇ ਰਾਹ ਉੱਤੇ ਚੱਲਦਾ ਚੀਨ

-ਵਿਵੇਕ ਕਾਟਜੂ-

ਬੀਤੀ 12 ਅਕਤੂਬਰ ਨੂੰ 14ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਹਰਿੰਦਰ ਸਿੰਘ ਨੇ ਇੱਕ ਵਾਰ ਫਿਰ ਚੀਨ ਦੇ ਮੇਜਰ ਜਨਰਲ ਲਿਊ ਲਿਨ ਨਾਲ ਮੁਲਾਕਾਤ ਕੀਤੀ। ਲਿਊ ਲਿਨ ਚੀਨ ਦੇ ਦੱਖਣੀ ਸ਼ਿਨਜਿਆਂਗ ਮਿਲਟਰੀ ਡਿਸਟ੍ਰਿਕਟ ਦੇ ਕਮਾਂਡਰ ਹਨ। ਇਸ ਮੁਲਾਕਾਤ ਦਾ ਮਕਸਦ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ ਯਾਨੀ ਐੱਲ ਏ ਸੀ ਉੱਤੇ ਸ਼ਾਂਤੀ ਅਤੇ ਸਥਿਰਤਾ ਕਾਇਮ ਰੱਖਣ ਲਈ ਕਿਸੇ ਸਹਿਮਤੀ 'ਤੇ ਪੁੱਜਣਾ ਸੀ। ਇਸ ਬੈਠਕ ਵਿੱਚ ਦੋਵਾਂ ਦੇਸ਼ਾਂ ਦੇ ਵਿਦੇਸ਼ ਅਤੇ ਰੱਖਿਆ ਮੰਤਰਾਲਿਆਂ ਦੇ ਪ੍ਰਤੀਨਿਧ ਵੀ ਮੌਜੂਦ ਸਨ। ਬੈਠਕ ਤੋਂ ਬਾਅਦ ਜਾਰੀ ਬਿਆਨ ਵਿੱਚ ਦੋਵਾਂ ਧਿਰਾਂ ਨੇ ਤਣਾਅ ਘਟਾਉਣ ਲਈ ਜਲਦੀ ਕੋਈ ਆਪਸੀ ਹਾਂ-ਪੱਖੀ ਹੱਲ ਲੱਭਣ 'ਤੇ ਸਹਿਮਤੀ ਪ੍ਰਗਟਾਈ। ਇਹ ਵੀ ਕਿਹਾ ਗਿਆ ਕਿ ਵਾਰਤਾ ਸਾਰਥਕ ਅਤੇ ਹਾਂ-ਪੱਖੀ ਰਹੀ ਹੈ। ਜਿੱਥੇ ਸਾਂਝੇ ਬਿਆਨ ਵਿੱਚ ਸਹੀ ਦਿਸ਼ਾ ਵਿੱਚ ਅੱਗੇ ਵਧਣ ਦੇ ਸੰਕੇਤ ਦਿੱਤੇ ਗਏ, ਉਥੇ ਹੀ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਉਕਸਾਉਣ ਵਾਲੀਆਂ ਟਿੱਪਣੀਆਂ ਕੀਤੀਆਂ।

ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਭਾਰਤ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਵਜੋਂ ਲੱਦਾਖ ਨੂੰ ਚੀਨ ਮਾਨਤਾ ਨਹੀਂ ਦਿੰਦਾ। ਉਨ੍ਹਾਂ ਮੁਤਾਬਕ ਇਸ ਨੂੰ ਨਾਜਾਇਜ਼ ਇਹ ਦਰਜਾ ਦਿੱਤਾ ਗਿਆ ਹੈ। ਉਨ੍ਹਾਂ ਨੇ ਅਰੁਣਾਚਲ ਪ੍ਰਦੇਸ਼ ਬਾਰੇ ਵੀ ਬਦਜ਼ੁਬਾਨੀ ਕੀਤੀ। ਲੱਦਾਖ ਵਿੱਚ ਵਿਕਸਤ ਹੋ ਰਹੇ ਬੁਨਿਆਦੀ ਢਾਂਚੇ ਉੱਤੇ ਇਤਰਾਜ਼ ਕਰਦੇ ਹੋਏ ਉਨ੍ਹਾਂ ਨੇ ਉਥੇ ਫੌਜੀ ਜਮਾਵੜੇ ਨੂੰ ਸਮੱਸਿਆ ਦੀ ਅਸਲ ਜੜ੍ਹ ਦੱਸਿਆ। ਇਸ ਤੋਂ ਸਪੱਸ਼ਟ ਹੋਇਆ ਕਿ ਚੀਨ ਨਰਮ-ਗਰਮ ਨੀਤੀ ਉਤੇ ਚੱਲ ਰਿਹਾ ਹੈ। ਇਹ ਦੋਗਲੀ ਨੀਤੀ ਹੀ ਨਹੀਂ, ਬਦਨੀਤੀ ਹੈ, ਜਿਸ ਵਿੱਚ ਚੀਨ ਮਾਹਰ ਹੈ। 'ਹਿੰਦੀ-ਚੀਨੀ ਭਾਈ-ਭਾਈ' ਦੇ ਨਾਅਰਿਆਂ ਮਗਰੋਂ ਚੀਨ ਵੱਲੋਂ 1962 ਵਿੱਚ ਕੀਤਾ ਗਿਆ ਹਮਲਾ ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ। ਅਸਲ ਵਿੱਚ ਚੀਨ ਦੀ ਆਦਤ ਹੈ ਕਿ ਉਹ ਇੱਕ ਹੱਥ ਅੱਗੇ ਵਧਾਉਂਦਾ ਹੈ ਤੇ ਦੂਜੇ ਵਿੱਚ ਖੰਜਰ ਰੱਖਦਾ ਹੈ। ਉਸ ਨੂੰ ਮਿੱਤਰ ਸਮਝਣਾ ਬਹੁਤ ਵੱਡੀ ਭੁੱਲ ਹੋਵੇਗੀ। ਅਜੇ ਵੀ ਜਿੱਥੇ ਵਾਰਤਾ ਵਿੱਚ ਉਸ ਦੇ ਪ੍ਰਤੀਨਿਧ ਨਰਮ ਵਤੀਰਾ ਅਪਣਾਉਂਦੇ ਜਾਪੇ ਹਨ, ਉਥੇ ਉਸ ਦੇ ਬੁਲਾਰੇ ਤਿੱਖੀਆਂ ਟਿੱਪਣੀਆਂ ਨਾਲ ਭਾਰਤ ਵਿਰੁੱਧ ਆਪਣੀ ਅਸਲੀ ਮਨਸ਼ਾ ਜ਼ਾਹਰ ਕਰਦੇ ਹਨ। ਭਾਰਤ ਇਸ ਦੀ ਅਣਦੇਖੀ ਨਹੀਂ ਕਰ ਸਕਦਾ। ਅਜਿਹੇ ਵਿੱਚ ਸਰਕਾਰ ਦਾ ਕੁਝ ਗੱਲਾਂ 'ਤੇ ਸਪੱਸ਼ਟ ਰੁਖ਼ ਦੇਸ਼ ਹਿੱਤ ਵਿੱਚ ਜ਼ਰੂਰੀ ਹੋਵੇਗਾ।

ਅਜੇ ਤੱਕ ਭਾਰਤ ਦੀ ਮੁੱਖ ਮੰਗ ਇਹੋ ਰਹੀ ਹੈ ਕਿ ਚੀਨ ਨੇ ਐੱਲ ਏ ਸੀ ਨਾਲ ਲੱਗਦੇ ਭਾਰਤੀ ਇਲਾਕਿਆਂ ਵਿੱਚ ਨਾਜਾਇਜ਼ ਕਬਜ਼ਾ ਕੀਤਾ ਹੈ, ਉਥੇ ਉਹ ਪਹਿਲਾਂ ਵਾਲੀ ਸਥਿਤੀ ਕਾਇਮ ਕਰੀਏ। ਦੂਜੀ ਗੱਲ ਇਸ ਖੇਤਰ ਵਿੱਚ ਭਾਰਤੀ ਫੌਜ ਵੱਲੋਂ ਰਵਾਇਤੀ ਤੌਰ 'ਤੇ ਨਿਰਵਿਘਨ ਗਸ਼ਤ ਕਰਨ ਨਾਲ ਜੁੜੀ ਹੈ। ਸਾਂਝੇ ਬਿਆਨ ਵਿੱਚ ਅੜਿੱਕਾ ਦੂਰ ਕਰਨ ਲਈ ਆਪਸੀ ਸਵੀਕਾਰਨ ਯੋਗ ਹੱਥ ਵਿੱਚ ਪਹਿਲਾਂ ਵਾਲੀ ਸਥਿਤੀ ਬਹਾਲ ਕਰਨ ਦੀ ਭਾਰਤੀ ਇੱਛਾ ਦਾ ਜ਼ਿਕਰ ਨਹੀਂ ਹੈ। ਜਿੱਥੇ ਇਸ ਗੱਲ ਦਾ ਸਾਂਝੇ ਬਿਆਨ ਵਿੱਚ ਜ਼ਿਕਰ ਹੋਣਾ ਜ਼ਰੂਰੀ ਸੀ, ਉਥੇ ਇਹ ਸਾਫ ਹੋਣਾ ਚਾਹੀਦਾ ਸੀ ਕਿ ਭਾਰਤ ਨੂੰ ਐਲ ਏ ਸੀ ਉਤੇ ਮਈ ਤੋਂ ਪਹਿਲਾਂ ਦੀ ਸਥਿਤੀ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ। ਭਾਰਤ ਨੂੰ ਜ਼ੋਰ ਦੇ ਕੇ ਕਹਿਣਾ ਚਾਹੀਦਾ ਹੈ ਕਿ ਐਲ ਏ ਸੀ ਦੇ ਆਪਣੇ ਇਲਾਕੇ ਵਿੱਚ ਉਸ ਨੂੰ ਆਪਣੀ ਫੌਜ ਨੂੰ ਕਿਤੇ ਵੀ ਤੈਨਾਤ ਕਰਨ ਦਾ ਅਧਿਕਾਰ ਹੈ ਤੇ ਓਥੋਂ ਚੀਨ ਦੇ ਇਸ ਇਤਰਾਜ਼ ਨੂੰ ਦੇਖਦੇ ਹੋਏ ਪਿੱਛੇ ਹਟਣ ਦਾ ਸਵਾਲ ਹੀ ਨਹੀਂ ਕਿ ਭਾਰਤੀ ਫੌਜ ਚੀਨ ਦੀਆਂ ਫੌਜੀ ਸਰਗਰਮੀਆਂ 'ਤੇ ਸਿੱਧੀ ਨਜ਼ਰ ਰੱਖਣ ਵਿੱਚ ਸਮਰੱਥ ਹੈ। ਲੱਦਾਖ ਵਿੱਚ ਭਾਰਤੀ ਫੌਜੀਆਂ ਦੇ ਸਰਬ ਉਚ ਬਲਿਦਾਨ ਨੂੰ ਫਜ਼ੂਲ ਨਹੀਂ ਜਾਣ ਦਿੱਤਾ ਜਾ ਸਕਦਾ। ਫੌਜੀ ਕਮਾਂਡਰਾਂ ਵਿਚਾਲੇ ਚਰਚਾ ਭਾਵੇਂ ਸਾਰਥਕ ਅਤੇ ਹਾਂ-ਪੱਖੀ ਰਹੀ ਹੋਵੇ, ਪਰ ਚੀਨੀ ਫੌਜ ਨੇ ਉਸ ਸਥਿਤੀ ਤੋਂ ਪਿੱਛੇ ਹਟਣ ਬਾਰੇ ਠੋਸ ਕਦਮ ਨਹੀਂ ਚੁੱਕੇ ਜਿਸ ਕਾਰਨ ਸਮੱਸਿਆ ਬਣੀ ਹੈ। ਉਸ ਦੇ ਪਿੱਛੇ ਹਟਣ ਤਾਂ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ ਸਤੰਬਰ ਵਿੱਚ ਮਾਸਕੋ ਵਿੱਚ ਹੋਈ ਗੱਲਬਾਤ ਮੁਤਾਬਕ ਕੁਝ ਪ੍ਰਗਤੀ ਹੋ ਸਕੇਗੀ।

ਇਹ ਠੀਕ ਨਹੀਂ ਕਿ ਚੀਨੀ ਵਿਦੇਸ਼ ਮੰਤਰਾਲਾ ਤਲਖ ਬਿਆਨਬਾਜ਼ੀ ਕਰਦਾ ਰਹੇ। ਉਸ ਨੇ ਨਾ ਕੇਵਲ ਲੱਦਾਖ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਲਈ ਭਾਰਤ ਸਰਕਾਰ ਦੇ ਅਧਿਕਾਰ ਖੇਤਰ ਵਾਲੇ ਫੈਸਲੇ 'ਤੇ ਸਵਾਲ ਚੁੱਕੇ, ਬਲਕਿ ਇਹ ਵੀ ਕਿਹਾ ਗਿਆ ਕਿ ਐੱਲ ਏ ਸੀ ਅਸਲ ਵਿੱਚ ਚੀਨ ਦੇ 1959 ਵਾਲੇ ਦਾਅਵੇ ਦੇ ਅਨੁਸਾਰ ਹੀ ਹੈ।

ਭਾਰਤ ਨੇ ਉਸ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਅਤੇ ਨਾਲ ਉਸ ਨੂੰ ਇਹ ਵੀ ਯਾਦ ਕਰਾਇਆ ਕਿ ਭਾਰਤ ਨੇ ਕਦੇ ਇਸ ਦਾਅਵੇ ਨੂੰ ਪ੍ਰਵਾਨ ਨਹੀਂ ਕੀਤਾ। ਇਹ ਦਾਅਵਾ 1993 ਅਤੇ 1996 ਵਿੱਚ ਐਲ ਏ ਸੀ ਉਤੇ ਸ਼ਾਂਤੀ ਸਥਿਰਤਾ ਬਣੀ ਰੱਖਣ ਵਾਲੇ ਸਮਝੌਤਿਆਂ ਦੇ ਵੀ ਵਿਰੁੱਧ ਹੈ। ਇਹ ਬਿਲਕੁਲ ਬੇਤੁਕੀ ਗੱਲ ਹੈ ਕਿ ਭਾਰਤ ਚੀਨ ਦੁਆਰਾ 1959 ਦੇ ਕਿਸੇ ਦਾਅਵੇ ਬਾਰੇ ਉਸ ਨਾਲ ਸਰਹੱਦੀ ਸਮਝੌਤੇ 'ਤੇ ਵਾਰਤਾ ਲਈ ਮੰਨ ਸਕਦਾ ਹੈ। ਚੀਨੀ ਫੌਜ ਦੇ ਰੁਖ ਨੂੰ ਦੇਖਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਕਦਮ ਠੀਕ ਕਿਹਾ ਕਿ ਪਾਕਿਸਤਾਨ ਅਤੇ ਚੀਨ, ਦੋਵੇਂ ਸਰਹੱਦ 'ਤੇ ਸਮੱਸਿਆਵਾਂ ਖੜ੍ਹੀਆਂ ਕਰ ਰਹੇ ਹਨ ਅਤੇ ਏਦਾਂ ਪ੍ਰਤੀਤ ਹੁੰਦਾ ਹੈ ਕਿ ਉਹ ਕਿਸੇ ਮਿਸ਼ਨ ਦੇ ਤਹਿਤ ਮਿਲ ਕੇ ਅਜਿਹਾ ਕਰ ਰਹੇ ਹਨ।

ਗੈਰ-ਜ਼ਿੰਮੇਵਾਰੀ ਦਾ ਸਬੂਤ ਦੇ ਰਹੇ ਪਾਕਿਸਤਾਨ ਅਤੇ ਚੀਨ ਨੂੰ ਇਹ ਸਮਝਣਾ ਹੋਵੇਗਾ ਕਿ ਐਟਮੀ ਸ਼ਕਤੀ ਸੰਪੰਨ ਦੇਸ਼ਾਂ ਵਿਚਾਲੇ ਇਲਾਕਾਈ ਅਤੇ ਸਰਹੱਦ ਦੇ ਮਸਲਿਆਂ ਨੂੰ ਸ਼ਾਂਤੀਪੂਰਨ ਵਾਰਤਾਵਾਂ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਮਝਦਾਰ ਸਰਕਾਰਾਂ ਜਾਣਦੀਆਂ ਹਨ ਕਿ ਐਟਮੀ ਸ਼ਕਤੀ ਵਾਲੇ ਮੁਲਕਾਂ ਵਿਚਾਲੇ ਉਕਸਾਉਣ ਵਾਲੀ ਕਾਰਵਾਈ ਬੇਹੱਦ ਖਤਰਨਾਕ ਸਿੱਧ ਹੋ ਸਕਦੀ ਹੈ। ਅਜੇ ਤੱਕ ਪਾਕਿਸਤਾਨ ਅੱਤਵਾਦ ਰਾਹੀਂ ਭਾਰਤ ਨੂੰ ਉਕਸਾਉਣ ਰਿਹਾ ਹੈ। ਅੱਗੋਂ ਇਹੀ ਕੰਮ ਚੀਨ ਸਰਹੱਦ 'ਤੇ ਆਪਣੀ ਬਦਨੀਤੀ ਦਿਖਾ ਕੇ ਕਰ ਰਿਹਾ ਹੈ। ਚੀਨ ਨੂੰ ਇਸ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਵੱਡੀਆਂ ਤਾਕਤਾਂ ਹਿਮਾਕਤ ਨਹੀਂ, ਬਲਕਿ ਜ਼ਿੰਮੇਵਾਰੀ ਨਾਲ ਵਿਚਰਦੀਆਂ ਹਨ। ਚੀਨ ਪਾਕਿਸਤਾਨ ਦੀ ਤਰ੍ਹਾਂ ਵਿਹਾਰ ਕਰ ਰਿਹਾ ਹੈ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਐਟਮੀ ਹਥਿਆਰ ਹਾਸਲ ਕਰਨ ਤੋਂ ਬਾਅਦ ਪਾਕਿਸਤਾਨ ਇੱਕ ਜ਼ਿੰਮੇਵਾਰ ਮੁਲਕ ਨਹੀਂ ਬਣ ਸਕਿਆ। ਉਹ ਲਗਾਤਾਰ ਭਾਰਤ ਨੂੰ ਅੱਤਵਾਦ ਨਾਲ ਪ੍ਰੇਸ਼ਾਨ ਕਰ ਰਿਹਾ ਹੈ ਤੇ ਐਟਮੀ ਸ਼ਕਤੀ ਵਾਲੇ ਦੇਸ਼ ਨਾਲ ਜੁੜੇ ਸਿਧਾਂਤ ਦੀ ਅਣਦੇਖੀ ਕਰ ਰਿਹਾ ਹੈ। ਇਹ ਸਿਧਾਂਤ ਇਹੀ ਹੈ ਕਿ ਕੋਈ ਵੀ ਐਟਮੀ ਸ਼ਕਤੀ ਸੰਪੰਨ ਦੇਸ਼ ਆਪਣੇ ਖੇਤਰ ਵਿੱਚ ਕਿਸੇ ਦੂਜੇ ਐਟਮੀ ਸ਼ਕਤੀ ਵਾਲੇ ਦੇਸ਼ ਨੂੰ ਉਕਸਾਉਣ ਦਾ ਕੰਮ ਨਹੀਂ ਕਰੇਗਾ। ਇਸੇ ਕਾਰਨ ਠੰਢੀ ਜੰਗ ਦੌਰਾਨ ਅਮਰੀਕਾ ਅਤੇ ਸੋਵੀਅਤ ਯੂਨੀਅਨ ਇਸ ਸਿਧਾਂਤ ਪ੍ਰਤੀ ਵਚਨਬੱਧ ਰਹੇ।

ਬੇਸ਼ੱਕ ਉਨ੍ਹਾਂ ਵਿਚਾਲੇ ਕਈ ਸੰਘਰਸ਼ ਛਿੜੇ, ਪਰ ਉਹ ਵੀਅਤਨਾਮ ਅਤੇ ਅਫਗਾਨਿਸਤਾਨ ਵਰਗੇ ਦੇਸ਼ਾਂ ਦੀ ਜ਼ਮੀਨ 'ਤੇ ਹੋਏ। ਚੀਨ ਨੂੰ ਸਮਝਣਾ ਹੋਵੇਗਾ ਕਿ ਉਹ ਭਾਰਤ ਨਾਲ ਉਸ ਤਰ੍ਹਾਂ ਦਾ ਸਲੂਕ ਨਹੀਂ ਕਰ ਸਕਦਾ, ਜਿਸ ਤਰ੍ਹਾਂ ਦਾ ਉਨ੍ਹਾਂ ਦੇਸ਼ਾਂ ਨਾਲ ਕਰਦਾ ਹੈ ਜਿਨ੍ਹਾਂ ਕੋਲ ਐਟਮੀ ਹਥਿਆਰ ਨਹੀਂ। ਐਟਮੀ ਸ਼ਕਤੀ ਵਾਲੇ ਦੇਸ਼ਾਂ ਵਿਚਾਲੇ ਸਮੀਕਰਨ ਇਕਦਮ ਹੋਰ ਹੁੰਦੇ ਹਨ। ਚੀਨ ਭਾਰਤ 'ਤੇ ਆਸਟਰੇਲੀਆ ਦੀ ਤਰ੍ਹਾਂ ਆਰਥਿਕ ਸ਼ਿਕੰਜਾ ਵੀ ਨਹੀਂ ਕੱਸ ਸਕਦਾ ਕਿਉਂਕਿ ਕੌਮਾਂਤਰੀ ਮਾਮਲਿਆਂ ਵਿੱਚ ਭਾਰਤ ਦਾ ਕੱਦ ਵੱਡਾ ਹੈ। ਚੀਨ ਦੀਆਂ ਵਧਦੀਆਂ ਹਮਲਾਵਰ ਨੀਤੀਆਂ ਤੋਂ ਕੌਮਾਂਤਰੀ ਭਾਈਚਾਰਾ ਖਾਸਾ ਚਿੰਤਤ ਹੈ ਅਤੇ ਇਸ ਨਾਲ ਉਸ ਵਿਰੁੱਧ ਮਾਹੌਲ ਵੀ ਬਣਨ ਲੱਗਾ ਹੈ।

ਆਰਥਿਕ ਅਤੇ ਰਾਜਨੀਤਕ ਦਬਾਅ ਜਾਂ ਫੌਜੀ ਧੌਂਸ ਦਿਖਾਉਣ ਵਾਲੀਆਂ ਆਪਣੀਆਂ ਮੌਜੂਦਾ ਨੀਤੀਆਂ ਸਹਾਰੇ ਚੀਨ ਕਦੇ ਵੀ ਆਪਣੇ 'ਹੁਸੀਨ' ਖ਼ਾਬਾਂ ਨੂੰ ਹਕੀਕਤ ਵਿੱਚ ਨਹੀਂ ਬਦਲ ਸਕੇਗਾ। ਭਾਰਤ ਪ੍ਰਤੀ ਨਾਂਹ-ਪੱਖੀ ਵਤੀਰਾ ਚੀਨ ਦਾ ਹਰ ਪੱਖੋਂ ਚੋਖਾ ਨੁਕਸਾਨ ਕਰ ਰਿਹਾ ਹੈ। ਦੀਵਾਲੀ ਮੌਕੇ ਹੀ ਉਸ ਨੂੰ ਮੋਟਾ ਵਿੱਤੀ ਨੁਕਸਾਨ ਸਹਿਣਾ ਪਿਆ ਹੈ। ਇਹ ਗੱਲ ਪੱਥਰ 'ਤੇ ਲਕੀਰ ਦੀ ਤਰ੍ਹਾਂ ਹੈ ਕਿ ਭਾਰਤ ਨੂੰ ਦਬਾਅ ਹੇਠ ਲਿਆਉਣ ਵਿੱਚ ਚੀਨ ਦੇ ਹੱਥ ਨਾਕਾਮੀ ਹੀ ਲੱਗੇਗੀ। ਅਜਿਹੇ ਵਿੱਚ ਉਸ ਨੂੰ ਨਾਸਮਝੀ ਵਾਲੇ ਵਿਹਾਰ ਤੋਂ ਬਾਜ਼ ਆਉਣਾ ਚਾਹੀਦਾ ਹੈ।

# ਕਹਾਣੀ ਮਨਹੂਸ ਕੌਣ

-ਸਰਬਜੀਤ ਸਿੰਘ ਸੰਧੂ-

ਗੱਲ 19ਵੀਂ ਸਦੀ ਦੀ ਹੈ, ਜਦੋਂ ਔਰਤ ਨੂੰ ਬਹੁਤ ਘੱਟ ਦਰਜਾ ਦਿੱਤਾ ਜਾਂਦਾ ਸੀ ਜਾਂ ਕਹੋ ਕਿ ਅੱਜ ਵਾਂਗ ਬਰਾਬਰੀ ਦਾ ਅਧਿਕਾਰ ਨਹੀਂ ਸੀ। ਸਤਨਾਮ ਆਪਣੀ ਮਾਂ ਦਾ ਇਕਲੌਤਾ ਪੁੱਤ ਸੀ ਅਤੇ ਉਸ ਦਾ ਬਾਪੂ ਵੀ ਇਕੱਲਾ ਹੀ ਸੀ। ਉਨ੍ਹਾਂ ਦਾ ਖਾਨਦਾਨ ਬਹੁਤ ਵੱਡਾ ਨਹੀਂ ਸੀ, ਪਰ ਉਹ ਜ਼ਿਆਦਾਤਰ ਖੁਸ਼ ਇਸ ਕਰ ਕੇ ਸਨ ਕਿ ਉਨ੍ਹਾਂ ਦੇ ਘਰ ਕੋਈ ਧੀ ਨਹੀਂ ਸੀ। ਸਤਨਾਮ ਦੀ ਮਾਂ ਜਗੀਰ ਕੌਰ ਬੜੀ ਗੁੱਸੇ ਵਾਲੀ ਸੀ। ਜਦ ਸਤਨਾਮ 26 ਕੁ ਸਾਲਾਂ ਦਾ ਹੋਇਆ ਤਾਂ ਮਾਂ ਨੇ ਉਸ ਦੇ ਵਿਆਹ ਲਈ ਆਪਣੇ ਪਤੀ ਜਰਨੈਲ ਸਿੰਘ ਨੂੰ ਮੁੰਡੇ ਲਈ ਕੋਈ ਸੋਹਣੀ ਸੁਨੱਖੀ ਕੁੜੀ ਲੱਭਣ ਲਈ ਕਿਹਾ।

ਕੁਝ ਦਿਨਾਂ ਵਿੱਚ ਹੀ ਮੁੰਡੇ ਨੂੰ ਸਾਕ ਹੋ ਗਿਆ। ਲੜਕੀ ਦਾ ਰੰਗ ਕਣਕਵੰਨਾ ਵੇਖ ਕੇ ਜਗੀਰੋ ਆਨਾ-ਕਾਨੀ ਜਿਹੀ ਕਰਨ ਲੱਗੀ, ਪਰ ਸਤਨਾਮ ਨੂੰ ਲੜਕੀ ਪਸੰਦ ਸੀ। ਘਰ ਵਿੱਚ ਖੁਸ਼ੀਆਂ ਦਾ ਮਾਹੌਲ ਸੀ ਅਤੇ ਰਿਸ਼ਤੇਦਾਰ ਆਏ ਹੋਏ ਸਨ। ਉਨ੍ਹਾਂ ਸਮਿਆਂ ਵਿੱਚ ਲੱਡੂ ਜਲੇਬੀਆਂ ਦੀ ਮਠਿਆਈ ਨੂੰ ਹੀ ਅਹਿਮ ਮੰਨਿਆ ਜਾਂਦਾ ਸੀ ਅਤੇ ਰਿਸ਼ਤੇਦਾਰਾਂ ਨੂੰ ਚਾਹ ਨਾਲ ਦਿੱਤੀ ਜਾਂਦੀ ਸੀ।

ਸਮਾਂ ਲੰਘਦਾ ਗਿਆ ਅਤੇ ਸਤਨਾਮ ਦੀ ਘਰਵਾਲੀ ਹਰਨਾਮ ਕੌਰ ਦੀ ਕੁੱਖੋਂ ਤਕਰੀਬਨ ਇੱਕ ਸਾਲ ਬਾਅਦ ਇੱਕ ਲੜਕੀ ਨੇ ਜਨਮ ਲਿਆ। ਛੋਟੀ ਬੱਚੀ ਦਾ ਰੰਗ ਪੱਕਾ ਸੀ। ਜਦੋਂ ਜਗੀਰੋ ਨੇ ਉਸ ਦਾ ਮੂੰਹ ਵੇਖਿਆ ਤਾਂ ਉਸ ਦਾ ਰੰਗ ਉੱਡ ਗਿਆ ਅਤੇ ਕਹਿਣ ਲੱਗੀ, "ਪੱਥਰ ਕਿੱਥੇ ਜੰਮ ਦਿੱਤਾ, ਸਾਡੇ ਮੱਥੇ ਮਾਰਿਆ ਕੁਲਹਿਣੀਏ।"

ਸਤਨਾਮ ਦੇ ਘੂਰਨ 'ਤੇ ਜਗੀਰੋ ਚੁੱਪ ਹੋ ਗਈ, ਪਰ ਜਦੋਂ ਸਨਤਾਮ ਘਰ ਨਾ ਹੁੰਦਾ ਤਾਂ ਨਵਜੰਮੀ ਬੱਚੀ (ਹਰਬੀਰ ਕੌਰ), ਜਿਸ ਨੂੰ ਬੀਰੋ ਦੇ ਨਿੱਕ ਨਾਮ ਨਾਲ ਸਾਰੇ ਬੁਲਾਇਆ ਕਰਦੇ ਸੀ, ਨੂੰ ਹਰ ਵਾਰ ਮਨਹੂਸ ਕਿਹਾ ਜਾਂਦਾ ਸੀ। ਘਰ ਦੀ ਆਰਥਿਕਤਾ ਦਿਨੋ-ਦਿਨ ਕਮਜ਼ੋਰ ਹੁੰਦੀ ਜਾ ਰਹੀ ਸੀ। ਉਸ ਸਾਲ ਫਸਲ ਵੀ ਬਹੁਤੀ ਚੰਗੀ ਨਾ ਹੋਈ। ਜਗੀਰੋ ਦਾ ਜਦ ਵੀ ਦਾਅ ਲੱਗਦਾ, ਤਾਅਨੇ ਮਿਹਣੇ ਦੇਣੋਂ ਨਾ ਹਟਦੀ। ਉਹ ਬੀਰੋ ਤੇ ਉਸ ਦੀ ਮਾਂ ਨੂੰ ਮਨਹੂਸ ਦੱਸਦੀ ਰਹਿੰਦੀ।

ਇੱਕ ਦਿਨ ਸਤਨਾਮ ਦੇ ਬਾਪੂ ਜਰਨੈਲ ਸਿੰਘ ਦੀ ਸਿਹਤ ਖਰਾਬ ਹੋ ਗਈ ਤੇ ਉਹ ਹਮੇਸ਼ਾ ਲਈ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ। ਰੋਂਦੇ ਹੋਏ ਜਗੀਰੋ ਨਾਲ-ਨਾਲ ਬੁੜਬੁੜਾਉਂਦੀ ਸੀ ਕਿ "ਇਸ ਮਨਹੂਸ ਦਾ ਪਤਾ ਨਹੀਂ ਕਿਹੋ ਜਿਹਾ ਪੈਰ ਪਿਆ ਸਾਡੇ ਘਰ ਵਿੱਚ, ਮੇਰੇ ਘਰ ਵਾਲੇ ਨੂੰ ਖਾ ਗਈ ਤੇ ਘਰ ਖਾਣ ਨੂੰ ਦਾਣੇ ਵੀ ਨਹੀਂ ਰਹਿਣੇ। ਇਹ ਦੇ ਨਾਲੋਂ ਤੁਸੀਂ ਮਾਵਾਂ ਧੀਆਂ ਮਰ ਜਾਂਦੀਆਂ ਤਾਂ ਚੰਗਾ ਸੀ।"

ਇਹ ਗੱਲ ਹਰਨਾਮ ਕੌਰ ਨੂੰ ਵੱਢ-ਵੱਢ ਖਾਂਧੀ ਸੀ, ਪਰ ਸਤਨਾਮ ਆਪਣੀ ਮਾਂ ਦੇ ਸੁਭਾਅ ਤੋਂ ਜਾਣੂ ਹੋਣ ਕਰ ਕੇ ਕੁਝ ਨਹੀਂ ਸੀ ਬੋਲਦਾ। ਸਮਾਂ ਆਪਣੀ ਚਾਲੇ ਚਲਦਾ ਰਿਹਾ। ਸਤਨਾਮ ਦੇ ਘਰ ਇੱਕ ਹੋਰ ਲੜਕੀ ਨੇ ਜਨਮ ਲਿਆ। ਜਦੋਂ ਜਗੀਰੋ ਨੂੰ ਦੂਜੀ ਕੁੜੀ ਬਾਰੇ ਪਤਾ ਲੱਗਾ ਤਾਂ ਉਹ ਗੁੱਸੇ ਵਿੱਚ ਕਹਿਣ ਲੱਗੀ "ਬੇੜਾ ਬਹਿ ਜਾਏ ਉਸ ਡਾਕਰ ਦਾ ਜਿਹੜਾ ਕਹਿੰਦਾ ਸੀ ਬੇਬੇ ਉਸ ਗਾਂ ਦੇ ਦੁੱਧ ਨਾਲ ਪੁੜੀਆਂ ਖੁਆਈਂ ਆਪਣੀ ਨੂੰਹ ਨੂੰ, ਜਿਹੜੀ ਗਾਂ ਨੇ ਵੱਛਾ ਦਿੱਤਾ ਹੋਵੇ ਤੇ ਅੱਗੇ ਸੂਣ ਵਾਲੀ ਨਾ ਹੋਵੇ, ਪਰ ਡਾਕਟਰ ਦਾ ਵੀ ਕੀ ਕਸੂਰ, ਜਦੋਂ ਦਾ ਬੀਰੋ ਮਨਹੂਸ ਨੇ ਘਰ ਵਿੱਚ ਪੈਰ ਧਰਿਆ ਹੈ, ਘਰ ਤਾਂ ਪਹਿਲਾਂ ਹੀ ਡੁੱਬ ਗਿਆ ਸੀ, ਪੋਤਰੇ ਦਾ ਮੂੰਹ ਸਵਾਹ ਵਿਖਾਉਣਾ ਸੀ ਇਸ ਨੇ।"

ਸਤਨਾਮ ਦਾ ਸਬਰ ਟੁੱਟ ਗਿਆ ਅਤੇ ਉਹ ਆਪਣੀ ਮਾਂ ਨੂੰ ਕਹਿਣ ਲੱਗਾ, "ਬੇਬੇ, ਰੱਬ ਤੋਂ ਡਰ ਤੇ ਮੇਰੀਆਂ ਧੀਆਂ ਨੂੰ ਕੋਸਣ ਦੀ ਬਜਾਏ ਰੱਬ ਅੱਗੇ ਅਰਦਾਸ ਕਰ ਕਿ ਸਾਨੂੰ ਪੁੱਤਰ ਦੀ ਦਾਤ ਬਖਸ਼ੇ।"

ਜਗੀਰੋ ਨੇ ਜਵਾਬ ਦਿੱਤਾ, "ਵੇਖ ਸਿਖਾਇਆ ਖਸਮਾਂ ਨੂੰ ਖਾਣੀ ਹਰਨਾਮੋ ਦਾ, ਜ਼ੁਬਾਨ ਕਿਵੇਂ ਲੜਾਉਂਦੈ ਮੇਰੇ ਨਾਲ।"

ਹਰਨਾਮੋ ਤੇ ਬੀਰੋ ਦੋਵੇਂ ਰੋਣ ਲੱਗੀਆਂ ਤੇ ਕਮਰੇ ਵਿੱਚ ਨਿੱਕੀ ਬੇਟੀ ਰੱਜੋ ਕੋਲ ਜਾ ਬੈਠੀਆਂ ਅਤੇ ਅਰਦਾਸ ਕਰਨ ਲੱਗੀਆਂ ਕਿ ਰੱਬਾ ਤੂੰ ਹੀ ਸਾਨੂੰ ਬਚਾ ਸਕਦੈਂ, ਇੱਕ ਪੁੱਤਰ ਦੀ ਦਾਤ ਦੇ ਕੇ। ਸਮਾਂ ਬੀਤਦਾ ਗਿਆ। ਬੀਰੋ ਕੋਈ ਪੰਜ ਅਤੇ ਰੱਜੋ ਦੋ ਸਾਲ ਦੀ ਹੋ ਗਈ। ਆਖਰਕਾਰ ਸਤਨਾਮ ਦੇ ਘਰ ਮੁੰਡੇ ਨੇ ਜਨਮ ਲਿਆ, ਜਿਸ ਦਾ ਨਾਮ ਜੋਗਿੰਦਰ ਸਿੰਘ ਰੱਖਿਆ ਗਿਆ। ਮੁੰਡੇ ਦੀਆਂ ਕਿਲਕਾਰੀਆਂ ਨੇ ਘਰ ਵਿੱਚ ਫਿਰ ਰੌਣਕ ਲਿਆ ਦਿੱਤੀ। ਜਗੀਰੋ ਉੱਚੀ-ਉੱਚੀ ਕਹਿਣ ਲੱਗੀ, 'ਜੇ ਮੈਂ ਬਾਬੇ ਤੋਂ ਛੋਟੀਆਂ ਲਾਚੀਆਂ ਨਾ ਕਰਾ ਕੇ ਲਿਆਉਂਦੀ ਤਾਂ ਮੈਨੂੰ ਅਜੇ ਵੀ ਪੋਤੇ ਦਾ ਮੂੰਹ ਵੇਖਣ ਨੂੰ ਨਸੀਬ ਨਹੀਂ ਸੀ ਹੋਣਾ।' ਉਸ ਨੂੰ ਕੌਣ ਸਮਝਾਵੇ ਕਿ ਲਾਚੀਆਂ ਤਾਂ ਹਰਨਾਮੋ ਨੇ ਖਾਧੀਆਂ ਹੀ ਨਹੀਂ। ਵਹਿਮਾਂ-ਭਰਮਾਂ ਵਿੱਚ ਵਿਚਰਦੀ ਜਗੀਰੋ ਦੀ ਮੱਤ ਆਪਣੇ ਹੀ ਪਰਵਾਰ ਨੂੰ ਮਾੜਾ ਸਮਝਣ ਲੱਗੀ। ਇੱਕ ਦਿਨ ਸਤਨਾਮ ਬਿਮਾਰ ਹੋ ਗਿਆ। ਬੀਰੋ ਵੀਹ ਅਤੇ ਰੱਜੋ 17 ਸਾਲਾਂ ਦੀ ਹੋ ਗਈ ਸੀ, ਪਰ ਉਨ੍ਹਾਂ ਦਾ ਛੋਟਾ ਭਰਾ ਬਹੁਤ ਆਲਸੀ, ਵਿਹਲੜ ਅਤੇ ਦਾਦੀ ਜਗੀਰੋ ਦਾ ਲਾਡਲਾ ਕਹਿਣੇ ਤੋਂ ਬਾਹਰ ਹੋ ਗਿਆ ਸੀ। ਘਰ ਦੇ ਹਾਲਾਤ ਸੁਧਰ ਚੁੱਕੇ ਸਨ ਤੇ ਸਤਨਾਮ ਨੇ ਜ਼ਮੀਨ ਠੇਕੇ 'ਤੇ ਲੈ ਕੇ ਚੰਗੀ ਕਮਾਈ ਕੀਤੀ ਸੀ, ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਦਿਲ ਦਾ ਦੌਰਾ ਪੈਣ ਕਰ ਕੇ ਸਤਨਾਮ ਵੀ ਰੱਬ ਨੂੰ ਪਿਆਰਾ ਹੋ ਗਿਆ। ਜਗੀਰੋ ਫਿਰ ਬੀਰੋ ਅਤੇ ਰੱਜੋ ਨੂੰ ਤਾਅਨੇ ਦਿੰਦੀ ਕਹਿਣ ਲੱਗੀ, "ਮਨਹੂਸ ਤਾਂ ਇੱਕ ਈ ਬੜੀ ਸੀ, ਇਹ ਤਿੰਨ ਹੋ ਗਈਆਂ ਅਤੇ ਖਾ ਗਈਆਂ ਮੇਰੇ ਪੁੱਤ ਨੂੰ।" ਉਮਰ ਵਿੱਚ ਜਵਾਨ ਹੋਈਆਂ ਦੋਵੇਂ ਲੜਕੀਆਂ ਨੂੰ ਜਿੱਥੇ ਪਿਓ ਦੇ ਮਰਨ ਦਾ ਦੁੱਖ ਸੀ, ਉਥੇ ਦਾਦੀ ਦੇ ਦਿੱਤੇ ਤਾਅਨੇ ਸੀਨੇ ਵਿੱਚ ਛੁਰੀ ਵਾਂਗੂੰ ਚੁੱਭ ਰਹੇ ਸਨ।

ਸਮਾਂ ਲੰਘਦਾ ਗਿਆ। ਪਿਓ ਦਾ ਭਾਰ ਜੋਗਿੰਦਰ ਦੇ ਮੋਢਿਆਂ 'ਤੇ ਪੈਣ ਲੱਗਾ। ਉਹ ਖੇਤੀ ਕਰਨ ਲੱਗਾ ਅਤੇ ਪੜ੍ਹਾਈ ਛੱਡ ਗਿਆ, ਪਰ ਉਹ ਆਪਣੀ ਮਾਂ ਅਤੇ ਭੈਣਾਂ ਦਾ ਦੁੱਖ ਸਮਝਦਾ ਸੀ। ਉਸ ਨੇ ਭੈਣਾਂ ਨੂੰ ਚੰਗੀ ਪੜ੍ਹਾਈ ਕਰਵਾ ਦਿੱਤੀ। ਵੱਡੀ ਭੈਣ ਬੀਰੋ ਨੇ ਸਰਕਾਰੀ ਨੌਕਰੀ ਦਾ ਪੇਪਰ ਪਾਸ ਕਰ ਲਿਆ ਤੇ ਨੌਕਰੀ ਕਰਨ ਲੱਗ ਪਈ, ਪਰ ਜਗੀਰੋ ਨੂੰ ਉਸ ਦਾ ਨੌਕਰੀ ਕਰਨਾ ਚੰਗਾ ਨਾ ਲੱਗਾ ਤੇ ਉਸ ਨੇ ਬੀਰੋ ਨੂੰ ਸਖਤੀ ਨਾਲ ਘਰ ਬੈਠਣ ਲਈ ਆਖਿਆ। ਜੋਗਿੰਦਰ ਨੇ ਆਪਣੀ ਦਾਦੀ ਨਾਲ ਲੜ-ਝਗੜ ਕੇ ਬੀਰੋ ਨੂੰ ਨੌਕਰੀ ਉੱਤੇ ਭੇਜ ਦਿੱਤਾ। ਰੱਜੋ ਵੀ ਪੜ੍ਹਨ ਵਿੱਚ ਹੁਸ਼ਿਆਰ ਸੀ। ਹੌਲੀ-ਹੌਲੀ ਉਸ ਨੂੰ ਵੀ ਡਾਕਘਰ ਵਿੱਚ ਨੌਕਰੀ ਮਿਲ ਗਈ। ਦੋਵੇਂ ਭੈਣਾਂ ਨੌਕਰੀ ਦੀ ਥਾਂ ਘਰੋਂ ਦੂਰ ਹੋਣ ਕਾਰਨ ਸ਼ਹਿਰ ਵਿੱਚ ਰਹਿਣ ਲੱਗੀਆਂ।

ਅਚਾਨਕ ਜੋਗਿੰਦਰ ਬਿਮਾਰ ਜਿਹਾ ਰਹਿਣ ਲੱਗਾ। ਦੋਵੇਂ ਭੈਣਾਂ ਛੁੱਟੀ ਲੈ ਕੇ ਭਰਾ ਦਾ ਪਤਾ ਲੈਣ ਆਈਆਂ। ਆਉਂਦੇ ਹੀ ਜਗੀਰੋ ਉਨ੍ਹਾਂ ਨੂੰ ਕਹਿਣ ਲੱਗੀ, "ਸਾਨੂੰ ਤੁਹਾਡੀ ਕਮਾਈ ਖਾਣੀ ਜ਼ਹਿਰ ਵਰਗੀ ਲੱਗਦੀ ਏ। ਪਹਿਲਾਂ ਤੁਸੀਂ ਮੇਰਾ ਘਰ ਵਾਲਾ ਨਿਗਲ ਲਿਆ, ਫਿਰ ਮੇਰਾ ਪੁੱਤ ਤੇ ਹੁਣ ਮੇਰਾ ਪੋਤਰਾ ਵੀ ਖਾ ਲੈਣੈ ਤੁਸੀਂ। ਦਫਾ ਹੋ ਜਾਓ ਇੱਥੋਂ।"

ਏਨੀ ਗੱਲ ਸੁਣ ਦੋਵੇਂ ਭੈਣਾਂ ਦਾ ਗਲਾ ਭਰ ਆਇਆ ਤੇ ਉਹ ਜਗੀਰੋ ਨੂੰ ਉਤਰ ਨਾ ਦੇ ਸਕੀਆਂ। ਮੰਜੇ ਤੋਂ ਉਠ ਕੇ ਜੋਗਿੰਦਰ ਕਹਿਣ ਲੱਗਾ, "ਬੇਬੇ, ਦਾਦੇ ਨੂੰ ਮੈਂ ਨਹੀਂ ਵੇਖਿਆ, ਪਰ ਬਾਪੂ ਨੂੰ ਜਦੋਂ ਮੈਂ ਪੁੱਛਦਾ ਸੀ ਕਿ ਮਨਹੂਸ ਕੀ ਹੁੰਦੇ ਤਾਂ ਉਸ ਨੇ ਕਿਹਾ ਕਿ ਬਿਲਕੁਲ ਤੇਰੀ ਦਾਦੀ ਵਰਗਾ ਹੁੰਦਾ ਹੈ। ਗੁਆਂਢ ਵਿੱਚ ਰਹਿੰਦਾ ਵਲੈਤੀ ਚਾਚਾ ਵੀ ਕਹਿੰਦਾ ਹੁੰਦਾ ਸੀ ਕਿ ਪਹਿਲਾਂ ਤੇਰੀ ਦਾਦੀ ਹੱਥੋਂ ਤੰਗ ਹੋ ਕੇ ਤੇਰਾ ਦਾਦਾ ਮਰ ਗਿਆ ਤੇ ਫਿਰ ਤੇਰਾ ਪਿਓ। ਤੂੰ ਸੰਭਲ ਕੇ ਰਹੀਂ ਪੁੱਤ। ਦਾਦੀ! ਮੈਨੂੰ ਨਹੀਂ ਲੱਗਦਾ ਕਿ ਮੇਰੀ ਮਾਂ ਜਾਂ ਮੇਰੀਆਂ ਭੈਣਾਂ ਮਨਹੂਸ ਹਨ। ਅਸਲੀ ਮਨਹੂਸ ਤੂੰ ਹੈਂ। ਸ਼ਾਇਦ ਤੈਨੂੰ ਕਿਸੇ ਨੇ ਕਦੇ ਕਿਹਾ ਨਹੀਂ, ਇਸ ਕਰ ਕੇ ਤੂੰ ਆਪਣੇ ਆਪ ਨੂੰ ਮਨਹੂਸ ਸਮਝਿਆ ਨਹੀਂ। ਦਾਦੀ ਤੂੰ ਵੀ ਔਰਤ ਹੈਂ, ਤੈਨੂੰ ਵੀ ਕਿਸੇ ਨੇ ਜਨਮ ਦਿੱਤੈ, ਤੂੰ ਵੀ ਇਸ ਘਰ ਵਿੱਚ ਸੀ ਜਦੋਂ ਬਾਪੂ ਤੇ ਦਾਦਾ ਜੀ ਇਸ ਦੁਨੀਆ ਤੋਂ ਸਦਾ ਲਈ ਚਲੇ ਗਏ ਸਨ।"

ਇਹ ਸੁਣ ਕੇ ਜਗੀਰੋ ਕਹਿਣ ਲੱਗੀ, "ਇਸ ਦਿਨ ਵਾਸਤੇ ਤੈਨੂੰ ਸੁੱਖਾਂ ਸੁੱਖ ਕੇ ਲਿਆ ਸੀ ਕਿ ਵੱਡਾ ਹੋ ਕੇ ਜ਼ੁਬਾਨ ਲੜਾਵੇਂ?"


ਜੋਗਿੰਦਰ ਬੋਲਿਆ, "ਦਾਦੀ! ਜੇ ਇਹੋ ਜ਼ੁਬਾਨ ਮੇਰੇ ਪਿਓ ਜਾਂ ਦਾਦੇ ਨੇ ਲੜਾਈ ਹੁੰਦੀ ਤਾਂ ਅੱਜ ਤੂੰ ਇਹ ਗੱਲਾਂ ਨਾ ਕਰਦੀ। ਮੈਨੂੰ ਦੱਸੋ ਭਲਾ ਕਿ ਕਦੇ ਕੋਈ ਇਨਸਾਨ ਵੀ ਮਨਹੂਸ ਹੋਇਆ ਹੈ? ਸਭ ਉਸ ਰੱਬ ਦੇ ਰਚੇ ਹੋਏ ਚਿਹਰੇ ਹਨ, ਸਭ ਵਿੱਚ ਉਸ ਦਾ ਵਾਸਾ ਹੈ। ਫਿਰ ਕਿਵੇਂ ਕੋਈ ਮਨਹੂਸ ਹੋ ਸਕਦਾ ਹੈ?"

ਇਨ੍ਹਾਂ ਗੱਲਾਂ ਨੇ ਦਾਦੀ ਦੇ ਦਿਲ ਤੇ ਅਸਰ ਕੀਤਾ। ਰੋਂਦੀ ਹੋਈ ਦਾਦੀ ਨੇ ਸਾਰੇ ਪਰਵਾਰ ਨੂੰ ਹਿੱਕ ਨਾਲ ਲਾਇਆ ਤੇ ਕਹਿਣ ਲੱਗੀ, "ਮੈਂ ਹੀ ਗਲਤ ਸੀ। ਔਰਤ ਨੂੰ ਦੂਜੀ ਔਰਤ ਦਾ ਦਰਦ ਸਮਝਣਾ ਚਾਹੀਦਾ ਹੈ। ਸੱਚਮੁੱਚ ਮੈਂ ਹੀ ਮਨਹੂਸ ਹਾਂ, ਮੈਂ ਹਮੇਸ਼ਾ ਪਦਾਰਥਵਾਦੀ ਸੋਚ ਵਿੱਚ ਗੁਆਚੀ ਰਹੀ, ਪਰ ਤੁਹਾਡੀ ਨੈਤਿਕਤਾ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ।"


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


## ਮਿੰਨੀ ਕਹਾਣੀ

# ਲਕਸ਼ਮੀ

-ਬਲਰਾਜ ਸਿੰਘ ਸਿੱਧੂ

ਸੁੱਚਾ ਸਵੇਰੇ ਸਵੇਰੇ ਬੜੀ ਸ਼ਰਧਾ ਨਾਲ ਘਰ ਅੰਦਰ ਲੱਗੀਆਂ ਧਾਰਮਿਕ ਤਸਵੀਰਾਂ ਅੱਗੇ ਧੂਫ ਬੱਤੀ ਕਰ ਕੇ ਕੁਝ ਗੁਣਗੁਣਾ ਰਿਹਾ ਸੀ ਕਿ ਉਸ ਦਾ ਜਿਗਰੀ ਯਾਰ ਤਾਰਾ ਮੂੰਹ-ਫੱਟ ਉਸ ਨੂੰ ਮਿਲਣ ਆ ਗਿਆ। ਸੁੱਚੇ ਨੇ ਅੱਧਾ ਘੰਟਾ ਪੂਜਾ ਪਾਠ ਕਰ ਕੇ ਹੀ ਅੱਖਾਂ ਖੋਲ੍ਹੀਆਂ। ਤਾਰਾ ਜਾਣ ਬੁੱਝ ਕੇ ਪੁੱਛਣ ਲੱਗਾ, "ਤੂੰ ਭਾਈ ਕਿਉਂ ਰੋਜ਼ ਅੱਧਾ ਪੌਣਾ ਘੰਟਾ ਇਨ੍ਹਾਂ ਤਸਵੀਰਾਂ ਅੱਗੇ ਨੱਕ ਰਗੜਦਾ ਰਹਿੰਦਾ ਏਂ, ਕੀ ਮਿਲਦੇ ਤੈਨੂੰ?"

"ਓਏ ਮੂਰਖਾ ਇਹ ਤਸਵੀਰਾਂ ਵੱਖੋ ਵੱਖ ਦੇਵੀ ਦੇਵਤਿਆਂ ਅਤੇ ਮਹਾਂਪੁਰਸ਼ਾਂ ਦੀਆਂ ਹਨ। ਇਨ੍ਹਾਂ ਦੀ ਪੂਜਾ ਪਾਠ ਕਰਨ ਨਾਲ ਘਰ ਵਿੱਚ ਲਕਸ਼ਮੀ ਆਉਂਦੀ ਹੈ, ਰੋਗ ਬਿਮਾਰੀਆਂ ਦੂਰ ਹੁੰਦੇ ਹਨ, ਬੱਚਿਆਂ ਦੀ ਪੜ੍ਹਾਈ ਵਧੀਆ ਹੁੰਦੀ ਹੈ ਤੇ ਦੁੱਖ, ਦਲਿੱਦਰ, ਕਲੇਸ਼ ਅਤੇ ਕਾਲ ਨੇੜੇ ਵੀ ਨਹੀਂ ਆਉਂਦੇ।" ਸੁੱਚੇ ਨੇ ਸੁਣਿਆ ਸੁਣਾਇਆ ਗਿਆਨ ਘੋਟਿਆ।

"ਕਿੰਨੇ ਕੁ ਦੀਆਂ ਹੋਣਗੀਆਂ ਇਹ ਸਾਰੀਆਂ?" ਤਾਰੇ ਨੇ ਅਣਭੋਲ ਬਣਦੇ ਹੋਏ ਪੁੱਛਿਆ।

"ਇਹ ਪੰਜੇ ਤਸਵੀਰਾਂ ਤਿੰਨ ਸੌ ਦੀਆਂ ਆਈਆਂ ਸਨ, ਲੈਣੀਆਂ ਨੇ ਤੂੰ ਵੀ? ਦੁਕਾਨਦਾਰ ਆਪਣਾ ਯਾਰ ਆ, ਸਹੀ ਰੇਟ ਲਾ ਦੇਵੇਗਾ।" ਸੁੱਚੇ ਨੇ ਸ਼ੇਖ਼ੀ ਮਾਰੀ।

ਤਾਰਾ ਸਹੀ ਗੱਲ 'ਤੇ ਆ ਗਿਆ, "ਗੱਲ ਸੁਣ ਓਏ ਵੱਡਿਆ ਭਗਤਾ! ਜੇ ਇਨ੍ਹਾਂ ਤਸਵੀਰਾਂ ਨੂੰ ਐਨੇ ਗੁਣ ਹੁੰਦੇ ਤਾਂ ਫਿਰ ਦੁਕਾਨਦਾਰ ਪਾਗਲ ਸੀ ਕਿ ਇਹ ਅਲਾਦੀਨ ਦਾ ਚਿਰਾਗ ਤੈਨੂੰ ਤਿੰਨ ਸੌ ਦਾ ਵੇਚ ਦਿੰਦਾ? ਉਹ ਆਪ ਨਾ ਕਰੋੜਪਤੀ ਹੋ ਜਾਂਦਾ ਤੇ ਉਸ ਦੇ ਨਿਆਣੇ ਆਈ ਏ ਐੱਸ ਨਾ ਬਣ ਜਾਂਦੇ? ਪਤੈ ਮੈਨੂੰ ਤੇਰੇ ਦੁਕਾਨਦਾਰ ਦਾ, ਵੀਹ ਸਾਲ ਤੋਂ ਉਸੇ ਟੁੱਟੀ ਜਿਹੀ ਦੁਕਾਨ ਵਿੱਚ ਬੈਠਾ ਇਹੋ ਜਿਹੀਆਂ ਤਸਵੀਰਾਂ ਤੇਰੇ ਵਰਗੇ ਵਹਿਮੀਆਂ ਨੂੰ ਵੇਚ ਕੇ ਮਸਾਂ ਘਰ ਦਾ ਗੁਜ਼ਾਰਾ ਚਲਾ ਰਿਹਾ ਹੈ।" ਕੌੜੀ ਸੱਚਾਈ ਸੁਣ ਕੇ ਸੁੱਚੇ ਨੂੰ ਐਨਾ ਗੁੱਸਾ ਆਇਆ ਕਿ ਉਸ ਨੇ ਤਾਰੇ ਨੂੰ ਚਾਹ ਤਾਂ ਕੀ, ਪਾਣੀ ਵੀ ਨਾ ਪੁੱਛਿਆ ਤੇ ਜਲਦੀ ਕਿਤੇ ਜਾਣ ਦਾ ਬਹਾਨਾ ਬਣਾ ਕੇ ਘਰੋਂ ਤੋਰ ਦਿੱਤਾ।

# ਕੇਂਦਰ ਵੱਲੋਂ ਕਿਸਾਨਾਂ ਨਾਲ ਸਮਝੌਤੇ ਲਈ ਮਾਲ ਗੱਡੀਆਂ ਚਲਾਉਣ ਦੀ ਪਹਿਲ ਕਰਨ ਦੇ ਸੰਕੇਤ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਕਾਨੂੰਨਾਂ ਦੇ ਵਿਰੁੱਧ ਸੰਘਰਸ਼ ਕਰ ਰਹੀਆਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ 3 ਕੇਂਦਰੀ ਮੰਤਰੀਆਂ ਵਿਚਾਲੇ ਬੇ-ਨਤੀਜਾ ਗੱਲਬਾਤ ਦੇ ਬਾਵਜੂਦ ਦੋਵੇਂ ਧਿਰਾਂ ਵਿਚਾਲੇ ਸਮਝੌਤੇ ਅਤੇ ਗੱਲਬਾਤ ਨੂੰ ਅੱਗੇ ਵਧਾਉਣ ਦੇ ਸੰਕੇਤ ਮਿਲ ਰਹੇ ਹਨ।



ਜਾਣਕਾਰ ਸੂਤਰਾਂ ਅਨੁਸਾਰ ਕੇਂਦਰ ਸਰਕਾਰ ਕਿਸਾਨ ਜਥੇਬੰਦੀਆਂ ਦਾ ਵਿਸ਼ਵਾਸ ਜਿੱਤਣ ਲਈ ਆਪਣੀ ਜ਼ਿੱਦ ਛੱਡ ਕੇ ਕਿਸੇ ਵੇਲੇ ਵੀ ਮਾਲ ਗੱਡੀਆਂ ਚਲਾਉਣ ਦਾ ਐਲਾਨ ਕਰ ਸਕਦੀ ਹੈ ਅਤੇ ਇਸ ਗੱਲ ਦੀ ਸੰਭਾਵਨਾ ਵੀ ਹੈ ਕਿ ਕੇਂਦਰ ਸਰਕਾਰ ਵੱਲੋਂ ਮਾਲ ਗੱਡੀਆਂ ਚਲਾ ਕੇ ਦਿਖਾਈ ਸਦਭਾਵਨਾ ਦੇ ਜਵਾਬ ਵਿੱਚ ਕਿਸਾਨ ਜਥੇਬੰਦੀਆਂ ਵੀ ਯਾਤਰੀ ਗੱਡੀਆਂ ’ਤੇ ਲਾਈ ਪਾਬੰਦੀ ਹਟਾ ਲੈਣ ਦਾ ਫ਼ੈਸਲਾ ਕਰ ਸਕਦੀਆਂ ਹਨ। ਪਤਾ ਲੱਗਾ ਹੈ ਕਿ 31 ਜਥੇਬੰਦੀਆਂ ਵਿੱਚੋਂ ਬਹੁਤੀਆਂ ਨੇ ਪਹਿਲਾਂ ਹੀ ਕੇਂਦਰ ਸਰਕਾਰ ਵੱਲੋਂ ਪਹਿਲਾਂ ਮਾਲ ਗੱਡੀਆਂ ਸ਼ੁਰੂ ਕਰਨ ਦੇ ਸੰਕੇਤ ਨੂੰ ਚੰਗਾ ਮੰਨਿਆ ਹੈ ਅਤੇ ਉਹ ਇਸ ਦਾ ਹਾਂ ਪੱਖੀ ਜਵਾਬ ਦੇ ਕੇ ਅੰਦੋਲਨ ਦੀ ਪ੍ਰਾਪਤੀ ਵੱਲ ਵਧਣਾ ਚਾਹੁੰਦੀਆਂ ਹਨ।

ਵਰਨਣ ਯੋਗ ਹੈ ਕਿ ਇਸ ਬਾਰੇ ਕੁਝ ਗੱਲਬਾਤ ਮੰਤਰੀਆਂ ਅਤੇ ਜਥੇਬੰਦੀਆਂ ਵਿਚਾਲੇ ਦਿੱਲੀ ’ਚ ਹੋਈ ਮੁਲਾਕਾਤ ਵਿੱਚ ਵੀ ਚੱਲੀ ਸੀ, ਪਰ ਓਦੋਂ ਕੁਝ ਗਲਤ ਫਹਿਮੀਆਂ ਕਾਰਨ ਮਾਮਲਾ ਸਿਰੇ ਨਹੀਂ ਚੜ੍ਹਿਆ ਸੀ। ਜੇ ਇਹ ਗੱਡੀਆਂ ਚੱਲ ਪੈਂਦੀਆਂ ਹਨ ਤਾਂ ਵੀ ਕਿਸਾਨ ਜਥੇਬੰਦੀਆਂ 26 ਅਤੇ 27 ਨਵੰਬਰ ਦੇ ਦਿੱਲੀ ਘਿਰਾਓ ਦਾ ਸੱਦਾ ਵਾਪਸ ਨਹੀਂ ਲੈਣਗੀਆਂ ਅਤੇ ਉਸ ਦੀ ਤਿਆਰੀ ਜਾਰੀ ਰੱਖਣਗੀਆਂ, ਪਰ ਇਹ ਸੂਚਨਾ ਮਿਲੀ ਹੈ ਕਿ ਕੇਂਦਰ ਸਰਕਾਰ ਕਿਸੇ ਵੀ ਵੇਲੇ 32 ਕਿਸਾਨ ਜਥੇਬੰਦੀਆਂ ਨੂੰ ਦੁਬਾਰਾ ਗੱਲਬਾਤ ਲਈ ਸੱਦ ਸਕਦੀ ਹੈ ਅਤੇ ਇਸ ਵਾਰ ਦੀ ਗੱਲਬਾਤ ਵਿੱਚ ਪਹਿਲਾਂ ਸ਼ਾਮਲ ਹੋਏ ਤਿੰਨ ਕੇਂਦਰੀ ਮੰਤਰੀਆਂ ਤੋਂ ਇਲਾਵਾ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਸ਼ਾਮਲ ਹੋਣ ਦੇ ਸੰਕੇਤ ਹਨ। ਕੇਂਦਰ ਸਰਕਾਰ ਦੀ ਪੂਰੀ ਕੋਸ਼ਿਸ਼ ਹੋਵੇਗੀ ਕਿ ਇਸ ਗੱਲਬਾਤ ’ਚ ਘੱਟੋ ਘੱਟ ਗੱਲ ਇੰਨੀ ਕੁ ਨੇੜੇ ਜਾ ਲੱਗੇ ਕਿ ਕਿਸਾਨ ਜਥੇਬੰਦੀਆਂ 26 ਅਤੇ 27 ਦੇ ਦਿੱਲੀ ਕੂਚ ਨੂੰ ਵਾਪਸ ਲੈ ਕੇ ਮਾਮਲੇ ਉੱਤੇ ਅੱਗੇ ਗੱਲਬਾਤ ਲਈ ਤਿਆਰ ਹੋ ਜਾਣ।

# ਡੀ ਐਸ ਪੀ ਬਣ ਕੇ ਕਾਂਸਟੇਬਲ ਨੇ ਹੀ ਵਸੂਲੇ ਸਨ ਦੋ ਲੱਖ ਰੁਪਏ



ਅੰਮ੍ਰਿਤਸਰ, 17 ਨਵੰਬਰ (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਹੋਏ ਦੋਹਰੇ ਆਤਮ ਹੱਤਿਆ ਕਾਂਡ ਦੇ ਲਈ ਕਾਰੋਬਾਰੀ ਵਿਕਰਮਜੀਤ ਤੋਂ ਦੋ ਲੱਖ ਰੁਪਏ ਦੀ ਵਸੂਲੀ ਕਰਨ ਵਾਲਾ ਕਾਂਸਟੇਬਲ ਨਵਨੀਤ ਸਿੰਘ ਅਤੇ ਡੀ ਐਸ ਪੀ ਦੀਪ ਸੰਧੂ ਇੱਕੋ ਆਦਮੀ ਹਨ। ਪੁਲਸ ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਕਾਂਸਟੇਬਲ ਨਵਨੀਤ ਨੇ ਬਰਖਾਸਤ ਸਬ ਇੰਸਪੈਕਟਰ ਸੰਦੀਪ ਕੌਰ ਦੇ ਇਸ਼ਾਰੇ ਉੱਤੇ ਡੀ ਐਸ ਪੀ ਸੰਧੂ ਬਣ ਕੇ ਵਿਕਰਮ ਤੋਂਇਹ ਰਕਮ ਵਸੂਲੀ ਸੀ।

ਅੰਮ੍ਰਿਤਸਰ ਦਿਹਾਤੀ ਅਤੇ ਸਿਟੀ ਕਮਿਸ਼ਨਰੇਟ ਦੇ ਪੁਲਸ ਅਫਸਰ ਇਸ ਬਾਰੇ ਖੁੱਲ੍ਹ ਕੇ ਬੋਲਣ ਨੂੰ ਤਿਆਰ ਨਹੀਂ, ਪਰ ਇੱਕ ਪੁਲਸ ਅਫਸਰ ਨੇ ਦੱਸਿਆ ਕਿ ਨਵਨੀਤ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਏਗਾ। ਵਰਨਣ ਯੋਗ ਹੈ ਕਿ ਸਬ ਇੰਸਪੈਕਟਰ ਦੀ ਬਲੈਕਮੇਲਤੋਂ ਦੁਖੀ ਹੋ ਕੇ ਗਹਿਣਿਆਂ ਦੇ ਕਾਰੋਬਾਰੀ ਵਿਕਰਮਜੀਤ ਸਿੰਘ ਨੇ ਬੀਤੀ ਦਸ ਅਕਤੂਬਰ ਨੂੰ ਮੋਹਕਮਪੁਰਾ ਨੇੜੇ ਇੱਕ ਹੋਟਲ ਵਿੱਚ ਖੁਦਕੁਸ਼ੀ ਕਰ ਲਈ ਸੀ। ਇਸ ਘਟਨਾ ਤੋਂ ਪ੍ਰੇਸ਼ਾਨ ਕਾਰੋਬਾਰੀ ਦੀ ਪਤਨੀ ਸੁਖਬੀਰ ਕੌਰ ਨੇ 11 ਅਕਤੂਬਰ ਨੂੰ ਆਪਣੇ ਪਿੰਡ ਨਵਾਂ ਪਿੰਡ ਜਾ ਕੇ ਫਾਹਾ ਲਾ ਕੇ ਆਤਮ ਹੱਤਿਆ ਕਰ ਲਈ ਸੀ। ਇਸ ਦੇ ਬਾਅਦ ਪੁਲਸ ਨੇ ਖੁਦਕੁਸ਼ੀ ਦਾਇਕ ਕੇਸ ਮੋਹਕਮਪੁਰਾ ਥਾਣੇ ਵਿੱਚ ਸਬ ਇੰਸਪੈਕਟਰ ਸੰਦੀਪ ਕੌਰ ਦੇ ਖਿਲਾਫ ਦਰਜ ਕੀਤਾ ਸੀ।ਇੱਕ ਹੋਰ ਕੇਸ ਜੰਡਿਆਲਾ ਗੁਰੂ ਦੀ ਪੁਲਸ ਨੇ ਸੰਦੀਪ ਕੌਰ ਤੇ ਉਸ ਦੇ ਸਾਥੀਆਂ ਵਿਰੁੱਧ ਦਰਜ ਕੀਤਾ ਸੀ। ਵਿਕਰਮਜੀਤ ਦੇ ਸੁਸਾਈਡ ਨੋਟ ਤੋਂ ਪਤਾ ਲੱਗਾ ਸੀ ਕਿ ਸਬ ਇੰਸਪੈਕਟਰ ਸੰਦੀਪ ਕੌਰ ਉਸ ਨੂੰ ਬਲੈਕਮੇਲ ਕਰ ਰਹੀ ਸੀ। ਉਹ ਉਸ ਤੋਂ 18 ਲੱਖ ਰੁਪਏ ਵਸੂਲ ਚੁੱਕੀ ਸੀ ਤੇ ਹੋਰ ਪੈਸਿਆਂ ਦੀ ਮੰਗ ਕਰ ਰਹੀ ਸੀ। ਇਸ ਸਾਰੀ ਸਾਜ਼ਿਸ਼ ਵਿੱਚ ਸੰਦੀਪ ਕੌਰ ਦਾ ਇੱਕ ਗਿਰੋਹ ਕੰਮ ਕਰ ਰਿਹਾ ਸੀ।

ਸੰਦੀਪ ਕੌਰ ਦੀ ਵਿਕਰਮਜੀਤ ਨਾਲ ਹੋਈ ਗੱਲਬਾਤ ਵਾਲਾ ਮੋਬਾਈਲ ਨਾ ਮੋਹਕਮਪੁਰਾ ਪੁਲਸ ਨੂੰ ਮਿਲ ਸਕਿਆ ਹੈ ਅਤੇ ਨਾ ਜੰਡਿਆਲਾ ਗੁਰੂ ਪੁਲਸ ਨੂੰ। ਪੁਲਸ ਨੇ ਮੋਬਾਈਲ ਬਰਾਮਦ ਕਰਨ ਲਈ ਉਸ ਨੂੰ ਦੋ ਵਾਰ ਰਿਮਾਂਡ ’ਤੇ ਲਿਆ, ਪਰ ਪੁਲਸ ਦੀ ਸਾਰੀ ਕੋਸ਼ਿਸ ਸੰਦੀਪ ਕੌਰ ਦੇ ਸਾਹਮਣੇ ਨਾਕਾਮ ਰਹੀ, ਉਹ ਕੋਈ ਸਹਿਯੋਗ ਨਹੀਂ ਕਰ ਰਹੀ।

## ਪਾਕਿਸਤਾਨ ਨੇ ਨਨਕਾਣਾ ਸਾਹਿਬ ਲਈ 5000 ਯਾਤਰੂਆਂ ਲਈ 5 ਦਿਨ ਦਾ ਵੀਜ਼ਾ ਜਾਰੀ ਕੀਤਾ

ਅੰਮ੍ਰਿਤਸਰ, 17 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਮਨਾਏ ਜਾ ਰਹੇ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤੀ ਸ਼ਰਧਾਲੂਆਂ ਦੇ ਪਾਕਿਸਤਾਨ ਜਾਣ ਮੂਹਰੇ ਕੋਰੋਨਾ ਦੇ ਕਾਰਨ ਅੜਚਣਾਂ ਆ ਰਹੀਆਂ ਹਨ। ਭਾਰਤ ਅਤੇ ਪਾਕਿਸਤਾਨ ’ਚ ਕੋਰੋਨਾ ਕੇਸਾਂ ’ਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਸ ਕਾਰਨ ਭਾਰਤੀ ਵਿਦੇਸ਼ ਮੰਤਰਾਲਾ ਸਪੱਸ਼ਟ ਕਹਿ ਚੁੱਕਿਆ ਹੈ ਕਿ ਕਰਤਾਰਪੁਰ ਲਾਂਘਾ ਤੇ ਅਟਾਰੀ-ਵਾਹਗਾ ਸਰਹੱਦ ਮੁੜ ਖੋਲ੍ਹਣ ਬਾਰੇ ਫ਼ੈਸਲਾ ਕੋਵਿਡ ਪ੍ਰੋਟੋਕਾਲ ਅਨੁਸਾਰ ਲਿਆ ਜਾਵੇਗਾ ਅਤੇ ਪਾਬੰਦੀਆਂ ’ਚ ਢਿੱਲ ਦਿੱਤੀ ਜਾਵੇਗੀ ਅਤੇ ਇਸ ਤਰ੍ਹਾਂ ਭਾਰਤੀ ਸ਼ਰਧਾਲੂਆਂ ਦੇ ਪਾਕਿਸਤਾਨ ਜਾਣ ਦੀ ਉਮੀਦ ਘੱਟ ਲੱਗ ਰਹੀ ਹੈ।

ਪ੍ਰਕਾਸ਼ ਪੁਰਬ ਲਈ ਪਾਕਿਸਤਾਨ ਸਰਕਾਰ ਨੇ 3000 ਭਾਰਤੀ ਸਿੱਖ ਯਾਤਰੂਆਂ ਅਤੇ 2000 ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਸਿੰਘਾਪੁਰ ਆਦਿ ਦੇ ਸਿੱਖਾਂ ਨੂੰ ਵੀਜ਼ੇ ਜਾਰੀ ਕਰਨ ਦਾ ਦਾਅਵਾ ਕੀਤਾ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ ਐਸ ਜੀ ਪੀ ਸੀ) ਦੇ ਮੁਤ-ਾਬਿਕ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ 28 ਤੋਂ 30 ਨਵੰਬਰ ਤੱਕ ਮਨਾਇਆ ਜਾਣਾ ਹੈ। ਦੇ ਮੱਦੇਨਜ਼ਰ ਭਾਰਤੀ ਸਿੱਖ ਯਾਤਰੂਆਂ ਨੂੰ 5 ਦਿਨਾਂ ਦਾ ਵੀਜ਼ਾ ਜਾਰੀ ਕੀਤਾ ਜਾਵੇਗਾ ਅਤੇ ਯਾਤਰੂ 27 ਨਵੰਬਰ ਨੂੰ ਵਾਹਗਾ ਸਰਹੱਦ ਤੋਂ ਵਿਸ਼ੇਸ਼ ਯਾਤਰੂ ਬੱਸਾਂ ਰਾਹੀਂ ਸ੍ਰੀ ਨਨਕਾਣਾ ਸਾਹਿਬ ਜਾਣਗੇ ਅਤੇ ਪਹਿਲੀ ਦਸੰਬਰ ਨੂੰ ਜਥੇ ਭਾਰਤ ਨੂੰ ਰਵਾਨਾ ਹੋਣਗੇ। ਪਾਕਿਸਤਾਨ ਸਰਕਾਰ ਵੱਲੋਂ ਸਿੱਖ ਯਾਤਰੂਆਂ ਲਈ ਕੋਰੋਨਾ ਟੈਸਟ ਲਾਜ਼ਮੀ ਕੀਤਾ ਗਿਆ ਹੈ।

# ਤੇਜ਼ ਰਫ਼ਤਾਰ ਕਾਰ ਵੱਲੋਂ ਸਕੂਟੀ ਨੂੰ ਟੱਕਰ, ਦੋ ਮੌਤਾਂ

ਕਪੂਰਥਲਾ, 17 ਨਵੰਬਰ (ਪੋਸਟ ਬਿਊਰੋ)- ਕਪੂਰਥਲਾ-ਜਲੰਧਰ ਰੋਡ ’ਤੇ ਕੱਲ੍ਹ ਰਾਤ ਮਨਸੂਰਵਾਲ ਵਿਖੇ ਸੜਕ ਹਾਦਸੇ ਵਿੱਚ ਐਕਟਿਵਾ ਸਵਾਰ ਦੋ ਨੌਜਵਾਨਾਂ ਦੀ ਇੱਕ ਤੇਜ਼ ਰਫ਼ਤਾਰ ਗੱਡੀ ਨਾਲ ਟੱਕਰ ਨਾਲ ਮੌਤ ਹੋ ਗਈ। ਥਾਣਾ ਸਿਟੀ ਕਪੂਰਥਲਾ ਦੀ ਪੁਲਸ ਨੇ ਕਾਰ ਨੂੰ ਕਬਜ਼ੇ ਵਿੱਚ ਲੈ ਕੇ ਇਸ ਵਿੱਚ ਸਵਾਰ ਦੋ ਦੋਸ਼ੀਆਂ ਦੀ ਪਛਾਣ ਕਰਕੇ ਕੇਸ ਦਰਜ ਕਰ ਲਿਆ ਹੈ। ਪਤਾ ਲੱਗਾ ਹੈ ਕਿ ਸਤਪਾਲ ਸਿੰਘ ਪੁੱਤਰ ਚੰਨਣ ਸਿੰਘ ਨਿਵਾਸੀ ਡਗਾਣਾ ਰੋਡ, ਸਾਹਮਣੇ ਫੁੱਟਬਾਲ ਗਰਾਊਂਡ, ਹੁਸ਼ਿਆਰਪੁਰ, ਮੌਜੂਦਾ ਵਾਸੀ ਅਰਬਨ ਅਸਟੇਟ ਕਪੂਰਥਲਾ ਨੇ ਥਾਣਾ ਸਿਟੀ ਪੁਲਸ ਨੂੰ ਦੱਸਿਆ ਕਿ ਉਸ ਦੇ ਲੜਕੇ ਦਾ ਦੋਸਤ ਜੋਬਨਪ੍ਰੀਤ ਸਿੰਘ, ਜੋ ਮਨਸੂਰਵਾਲ ਦਾ ਵਾਸੀ ਸੀ, ਦੀਵਾਲੀ ਮੌਕੇ ਉਨ੍ਹਾਂ ਦੇ ਘਰ ਵਿੱਚ ਪਟਾਕੇ ਚਲਾਉਣ ਆਇਆ ਸੀ। ਰਾਤ ਕਰੀਬ ਸਾਢੇ 11 ਵਜੇ ਖਾਣਾ ਖਾਣ ਪਿੱਛੋਂ ਉਸ ਦਾ ਲੜਕਾ ਰਾਜਵਿੰਦਰ ਸਿੰਘ, ਜੋਬਨਪ੍ਰੀਤ ਸਿੰਘ ਨੂੰ ਉਸ ਦੇ ਘਰ ਛੱਡਣ ਜਾ ਰਿਹਾ ਸੀ। ਰਾਤ ਦਾ ਸਮਾਂ ਹੋਣ ਕਾਰਨ ਉਹ ਵੀ ਉਸ ਦੇ ਪਿੱਛੇ ਆਪਣੀ ਐਕਟਿਵਾ ’ਤੇ ਚਲਿਆ ਗਿਆ।ਇਸੇ ਦੌਰਾਨ ਜੋਬਨਪ੍ਰੀਤ ਸਿੰਘ ਸਕੂਟੀ, ਜਿਸ ਨੂੰ ਉਸਦਾ ਲੜਕਾ ਰਾਜਵਿੰਦਰ ਚਲਾ ਰਿਹਾ ਸੀ, ਜਦੋਂ ਡਿਵਾਈਡਰ ਤੋਂ ਮੋੜਨ ਲੱਗਾ ਤਾਂ ਕਪੂਰਥਲਾ ਵੱਲੋਂ ਆਈ ਬੇਹਦ ਤੇਜ਼ ਰਫ਼ਤਾਰ ਕਾਰ ਨੇ ਲਾਪਰਵਾਹੀ ਨਾਲ ਟੱਕਰ ਮਾਰ ਦਿੱਤੀ ਜਿਸ ਦੇ ਕਾਰਨ ਉਸ ਦਾ ਬੇਟਾ ਰਾਜਵਿੰਦਰ ਸਿੰਘ ਅਤੇ ਜੋਬਨਪ੍ਰੀਤ ਸਿੰਘ ਗੰਭੀਰ ਜ਼ਖ਼ਮੀ ਹੋ ਗਏ।ਇਸ ਦੌਰਾਨ ਉਨ੍ਹਾਂ ਨੇ ਮੌਕੇ ’ਤੇ ਦੋਸ਼ੀਆਂ ਦੀ ਕਾਰ ਦੀ ਪਛਾਣ ਕਰ ਲਈ। ਜ਼ਖਮੀਆਂ ਨੂੰ ਸਿਵਲ ਹਸਪਤਾਲ ਕਪੂਰਥਲਾ ਵਿਖੇ ਲਿਆਂਦਾ ਗਿਆ ਅਤੇ ਉਸ ਦੇ ਲੜਕੇ ਰਾਜਵਿੰਦਰ ਦੀ ਹਾਲਤ ਕਾਫੀ ਗੰਭੀਰ ਹੋਣ ਦੇ ਕਾਰਨ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ, ਜਿਸ ਦੌਰਾਨ ਉਸ ਦੇ ਲੜਕੇ ਦੀ ਮੌਤ ਹੋ ਗਈ।ਥਾਣਾ ਸਿਟੀ ਦੀ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਕਾਰ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਜਾਂਚ ਦੇ ਦੌਰਾਨ ਕਾਰ ਸਵਾਰ ਦੋਵਾਂ ਦੋਸ਼ੀਆਂ ਦੀ ਪਹਿਚਾਣ ਕਰ ਲਈ ਅਤੇ ਉਨ੍ਹਾਂ ਨੂੰ ਕਾਬੂ ਕਰਨ ਲਈ ਪੁਲਸ ਨੇ ਆਪਣੀ ਮੁਹਿਮ ਤੇਜ਼ ਕਰ ਦਿੱਤੀ ਹੈ।

# ਫਿਰੌਤੀ ਮੰਗਣ ਵਾਲਾ ਕਈ ਕਤਲਾਂ ਦਾ ਦੋਸ਼ੀ ਨਿਹੰਗ 7 ਪਿਸਤੌਲਾਂ ਸਮੇਤ ਕਾਬੂ



ਜਲੰਧਰ, 17 ਨਵੰਬਰ (ਪੋਸਟ ਬਿਊਰੋ)- ਫਿਰੌਤੀ ਮੰਗਣ, ਕਤਲ ਕਰਨ, ਕਤਲ ਦੀ ਕੋਸ਼ਿਸ਼ ਸਮੇਤ ਸੱਤ ਕੇਸਾਂ ਵਿੱਚ ਨਾਮਜ਼ਦ ਉਤਮ ਨਗਰ ਦੇ ਅਜੈਪਾਲ ਸਿੰਘ ਉਰਫ ਨਿਹੰਗ ਨੂੰ ਥਾਣਾ ਡਵੀਜ਼ਨ ਨੰਬਰ ਪੰਜ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਦੋਸ਼ੀ ਕੋਲੋਂ ਸੱਤ ਪਿਸਤੌਲ, 117 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਥਾਣਾ ਪੰਜ ਦੀ ਪੁਲਸ ਨੇ ਸੂਚਨਾ ਉੱਤੇ ਨਿਹੰਗ ਨੂੰ ਟੀ-ਪੁਆਇੰਟ ਕਾਲਾ ਸੰਘਿਆ ਰੋਡ ਕੋਲੋਂ ਗ੍ਰਿਫਤਾਰ ਕੀਤਾ ਹੈ। ਉਸ ਕੋਲੋਂ ਉਸ ਸਮੇਂ ਇੱਕ ਪਿਸਤੌਲ ਤੇ ਪੰਜ ਕਾਰਤੂਸ ਮਿਲੇ ਸਨ। ਬਾਅਦ ਵਿੱਚ ਉਸ ਦੀ ਨਿਸ਼ਾਨ ਦੇਹੀ ’ਤੇ ਉਸ ਦੇ ਘਰੋਂ ਇੱਕ ਪਿਸਤੌਲ ਅਤੇ 32 ਕਾਰਤੂਸ ਮਿਲੇ ਅਤੇ ਉਸ ਨੇ ਆਪਣੇ ਸਹੁਰੇ ਘਰ ਲੁਕਾ ਕੇ ਰੱਖੇ ਦੋ ਪਿਸਤੌਲ ਅਤੇ 80 ਕਾਰਤੂਸ ਵੀ ਬਰਾਮਦ ਕਰਵਾਏ ਹਨ।ਭੁੱਲਰ ਨੇ ਦੱਸਿਆ ਕਿ 21 ਅਕਤੂਬਰ ਨੂੰ ਅਜੈਪਾਲ ਨੇ ਆਪਣੇ ਸਾਥੀਆਂ ਜਲੰਧਰ ਹਾਈਟਸ ਵਾਸੀ ਪਵਨ ਉਰਫ ਟਿੱਕਾ ਅਤੇ ਕੋਟ ਸਦੀਕ ਵਾਸੀ ਰੂਪ ਨਾਲ ਮਿਲ ਕੇ ਬਸਤੀ ਸ਼ੇਖ ਵਾਸੀ ਸਪੇਅਰ ਪਾਰਟਸ ਵਪਾਰੀ ਰਜਤ ਭਾਟੀਆ ਨੂੰ ਬਸਤੀ ਸ਼ੇਖ਼ ਦੇ ਨੇੜੇ ਰੋਕਿਆ ਅਤੇ ਉਸ ਦੇ ਮੂੰਹ ਵਿੱਚ ਪਿਸਤੌਲ ਪਾ ਕੇ ਉਸ ਤੋਂ ਦੋ ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਰਜਤ ਭਾਟੀਆ ਦੀ ਸ਼ਿਕਾਇਤ ’ਤੇ ਸਾਰਿਆਂ ਦੇ ਖਿਲਾਫ ਥਾਣਾ ਡਵੀਜ਼ਨ ਨੰਬਰ ਪੰਜ ਵਿੱਚ ਕੇਸ ਦਰਜ ਕੀਤਾ ਸੀ। ਪੁਲਸ ਕਮਿਸ਼ਨਰ ਭੁੱਲਰ ਨੇ ਦੱਸਿਆ ਕਿ ਨਿਹੰਗ ਦਸਵੀਂ ਤੱਕ ਪੜ੍ਹਾਈ ਦੇ ਬਾਅਦ ਮੋਬਾਈਲ ਦੀ ਦੁਕਾਨ ਖੋਲ੍ਹ ਕੇ ਬੈਠ ਗਿਆ ਸੀ। 2008 ਦੇ ਬਾਅਦ ਤੋਂ ਉਹ ਗਲਤ ਸੰਗਤ ਵਿੱਚ ਪੈ ਕੇ ਗੁੰਡਾਗਰਦੀ ਕਰਨ ਲੱਗਾ ਸੀ। ਉਸ ਦੇ ਖਿਲਾਫ ਐਨ ਡੀ ਪੀ ਐਸ ਅਤੇ ਕਤਲਾਂ ਕਈ ਦੇ ਕੇਸ ਵੀ ਹਨ। ਇਨ੍ਹਾਂਕੇਸਾਂ ਵਿੱਚ ਉਹ ਕਪੂਰਥਲਾ ਅਤੇ ਪਟਿਆਲਾ ਜੇਲ੍ਹ ਵਿੱਚ ਬੰਦ ਰਿਹਾ ਹੈ।

# ਵਿਦੇਸ਼ ਦੇ ਨਾਂਅ ’ਤੇ ਠੱਗਣ ਵਾਲੀ ਸਾਈਪ੍ਰਸ ਦੀ ਮਹਿਲਾ ਸਮੇਤ 3 ਜਣਿਆਂ ’ਤੇ ਕੇਸ ਦਰਜ



ਨਵਾਂ ਸ਼ਹਿਰ, 17 ਨਵੰਬਰ (ਪੋਸਟ ਬਿਊਰੋ)- ਕੁੱਲ 5 ਲੱਖ ਰੁਪਏ ਵਿੱਚ ਵਰਕ ਪਰਮਿਟ ਉੱਤੇ ਸਾਈਪ੍ਰਸ ਲੈ ਜਾਣ ਦਾ ਝਾਂਸਾ ਦੇ ਕੇ ਠੱਗੀ ਕਰਨ ਦੇ ਕੇਸ ਵਿੱਚ ਪੁਲਸ ਨੇ ਵਿਦੇਸ਼ ਵਿੱਚ ਰਹਿ ਕੇ ਧੋਖਾਧੜੀ ਕਰ ਰਹੀ ਮਹਿਲਾ ਸਣੇ 3 ਜਣਿਆਂ ਦੇ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ।

ਸੁਖਜਿੰਦਰ ਪਾਲ ਸਿੰਘ ਪੁੱਤਰ ਨਸੀਬ ਸਿੰਘ ਪਿੰਡ ਖੋਥੜਾ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੀ ਜਸਵਿੰਦਰ ਕੌਰ ਪਤਨੀ ਹਰਮੇਲ ਲਾਲ ਸਾਈਪ੍ਰਸ ਵਿੱਚ ਰਹਿੰਦੀ ਹੈ, ਜੋ ਉਸ ਦੀ ਜਾਣਕਾਰ ਹੈ। ਉਨ੍ਹਾਂਦੱਸਿਆ ਕਿ ਸਤੰਬਰ 2019 ਵਿੱਚ ਉਸ ਨੇ ਸਾਈਪ੍ਰਸ ਜਾਣ ਦੀ ਗੱਲ ਜਸਵਿੰਦਰ ਕੌਰ ਨਾਲ ਕੀਤੀ ਸੀ ਤਾਂ ਉਸ ਨੇ ਦੱਸਿਆ ਕਿ ਉਸ ਨੇ ਆਪਣੀ ਭੈਣ ਨੂੰ ਸਾਈਪ੍ਰਸ ਬੁਲਾਉਣ ਲਈ ਗੁਰਵਿੰਦਰ ਸਿੰਘ ਗੈਰੀ ਪਿੰਡ ਰਾਉਕੇ ਕਲਾਂ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ, ਜੋ ਸਾਈਪ੍ਰਸ ਵਿੱਚ ਰਹਿੰਦਾ ਹੈ, ਨਾਲ ਗੱਲ ਕੀਤੀ ਹੈ। ਉਸ ਨੇ ਦੱਸਿਆ ਕਿ ਉਕਤ ਜਸਵਿੰਦਰ ਕੌਰ ਨੇ ਉਸ ਦੀ ਗੱਲ ਗੈਰੀ ਨਾਲ ਕਰਵਾਈ, ਜਿਸ ਨੇ ਉਸ ਨੂੰ 5 ਲੱਖ ਰੁਪਏ ਵਿੱਚ ਸਾਈਪ੍ਰਸ ਬੁਲਾਉਣ ਦਾ ਸੌਦਾ ਤੈਅ ਕੀਤਾ ਸੀ।ਸ਼ਿਕਾਇਤਕਰਤਾ ਨੇ ਦੱਸਿਆ ਕਿ ਸਮਝੌਤੇ ਹੇਠ ਉਸ ਨੇ ਆਪਣੇ ਪਾਸਪੋਰਟ ਸਣੇ ਸਾਰੇ ਦਸਤਾਵੇਜ਼ ਗੈਰੀ ਦੇ ਮੋਬਾਈਲ ’ਚ ਵਟ੍ਹਸਐਪ ਕਰ ਦਿੱਤੇ ਅਤੇ ਗੈਰੀ ਵੱਲੋਂ ਦੱਸੇ ਸਾਂਝੀਦਾਰ ਕਰਮਜੀਤ ਸਿੰਘ ਪੁੱਤਰ ਬਾਬੂ ਸਿੰਘ ਨਿਵਾਸੀ ਸ਼ਫੀਪੁਰ ਖੁਰਦ ਜ਼ਿਲ੍ਹਾ ਸੰਗਰੂਰ ਦੇ ਬੈਂਕ ਖਾਤੇ ਵਿੱਚ ਬਤੌਰ ਪੇਸ਼ਗੀ 15 ਹਜ਼ਾਰ ਰੁਪਏ ਵੀ ਪਾ ਦਿੱਤੇ। ਉਸ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਕਤ ਗੈਰੀ ਅਤੇ ਜਸਵਿੰਦਰ ਕੌਰ 5-5 ਲੱਖ ਰੁਪਏ ਵਿੱਚ ਲੋਕਾਂ ਨੂੰ ਸਾਈਪ੍ਰਸ ਬੁਲਾਉਣ ਦਾ ਸੌਦਾ ਕਰਕੇ ਠੱਗੀ ਕਰਦੇ ਹਨ ਅਤੇ ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਵਿੱਚ ਆਪਣੇ ਇਸ ਗੈਂਗ ਵਿੱਚ ਕਈ ਲੋਕਾਂ ਨੂੰ ਜੋੜਿਆ ਹੈ। ਉਸ ਨੇ ਦੱਸਿਆ ਕਿ ਹੋਰ ਲੋਕਾਂ ਤੋਂ ਪੈਸੇ ਲੈਣ ਦੇ ਬਾਅਦ ਸਾਈਪ੍ਰਸ ਨਾ ਬੁਲਾਉਣ ਅਤੇ ਬਾਅਦ ਵਿੱਚ ਆਪਣਾ ਮੋਬਾਈਲ ਫੋਨ ਸਵਿਚ ਆਫ ਕਰ ਲੈਣ ਦੀ ਜਾਣਕਾਰੀ ਮਿਲਣ ਦੇ ਬਾਅਦ ਉਸ ਨੇ ਬਾਕੀ ਰਕਮਉਨ੍ਹਾਂ ਦੇ ਖਾਤੇ ਵਿੱਚ ਟ੍ਰਾਂਸਫਰ ਨਹੀਂ ਕਰਵਾਈ।ਐਸ ਐਸ ਪੀ ਨੂੰ ਦਿੱਤੀ ਸ਼ਿਕਾਇਤ ਵਿੱਚ ਸੁਖਜਿੰਦਰਪਾਲ ਸਿੰਘ ਨੇ ਮੰਗ ਕੀਤੀ ਕਿ ਉਸ ਦੇ ਪੈਸੇ ਵਾਪਸ ਕਰਵਾਏ ਜਾਣ ਤੇ ਦੋਸ਼ੀ ਲੋਕਾਂ ਦੇ ਖ਼ਿਲਾਫ਼ ਕਾਨੂੰਨ ਹੇਠ ਬਣਦੀ ਕਾਰਵਾਈ ਕੀਤੀ ਜਾਵੇ। ਇਸ ਸ਼ਿਕਾਇਤ ਦੀ ਜਾਂਚ ਪਿੱਛੋਂ ਥਾਣਾ ਬਹਿਰਾਮ ਵਿਖੇ ਪੁਲਸ ਨੇ ਗੁਰਵਿੰਦਰ ਸਿੰਘ ਉਰਫ ਗੈਰੀ, ਜਸਵਿੰਦਰ ਕੌਰ ਅਤੇ ਕਰਮਜੀਤ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਨਰਿੰਦਰ ਮੋਦੀ ਦੀ ਖਾਸ ਪਸੰਦ ‘ਤੇਜਸ ਐਕਸਪ੍ਰੈਸ’ ਟਰੇਨ ਕੋਰੋਨਾ ਦੀ ਭੇਟ ਚੜ੍ਹੀ

*** ਮੁਸਾਫਰ ਨਾ ਮਿਲਣ ਕਾਰਨ 23 ਤੋਂ ਬੰਦ ਕੀਤੀ ਜਾਣ ਲੱਗੀ**

ਲਖਨਊ, 17 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਕਾਰਪੋਰੇਟ ਸੈਕਟਰ ਦੀ ਪਹਿਲੀ ਟ੍ਰੇਨ ਤੇਜਸ ਐਕਸਪ੍ਰੈਸ ਕੋਰੋਨਾ ਦੀ ਭੇਟ ਚੜ੍ਹ ਗਈ ਜਾਪਦੀ ਹੈ। ਇਸ ਦੇ ਲਈ ਯਾਤਰੀ ਨਾ ਮਿਲਣ ਕਾਰਨ ਵੀ ਆਈ ਪੀ ਟ੍ਰੇਨ ਤੇਜਸ ਐਕਸਪ੍ਰੈਸ ਦੇ ਪਹੀਏ ਚੱਲਣੇ 23 ਨਵੰਬਰ ਤੋਂ ਬੰਦ ਹੋ ਜਾਣਗੇ। ਇਸ ਟਰੇਨ ਵਿੱਚ 23 ਨਵੰਬਰ ਤੋਂ ਰੋਜ਼ਾਨਾ ਕੇਵਲ 20 ਤੋਂ 25 ਯਾਤਰੀਆਂ ਨੇ ਹੀ ਬੁਕਿੰਗ ਕਰਾਈ ਹੋਈ ਹੈ। ਆਈ ਆਰ ਸੀ ਟੀ ਸੀ (ਭਾਰਤੀ ਰੇਲਵੇ ਕੇਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ) ਨੇ ਰੇਲਵੇ ਬੋਰਡ ਨੂੰ 23 ਨਵੰਬਰ ਤੋਂ ਟ੍ਰੇਨ ਬੰਦ ਕਰਨ ਦਾ ਪੱਤਰ ਲਿਖਿਆ ਸੀ। ਇਸ ਉੱਤੇ ਰੇਲਵੇ ਬੋਰਡ ਨੇ ਕੱਲ੍ਹ ਦੇਰ ਸ਼ਾਮ 23 ਨਵੰਬਰ ਨੂੰ ਅਗਲੇ ਹੁਕਮਾਂ ਤੱਕ ਇਸ ਨੂੰ ਬੰਦ ਕਰ ਦਿੱਤਾ ਹੈ।



ਪਿਛਲੇ ਸਾਲ ਅਕਤੂਬਰ ਵਿੱਚ ਭਾਰਤ ਦੀ ਇਹ ਪਹਿਲੀ ਕਾਰਪੋਰੇਟ ਸੈਕਟਰ ਦੀ ਟਰੇਨ ਸ਼ੁਰੂ ਹੋਈ ਸੀ। ਰੇਲਵੇ ਦੇ ਐਕਸ਼ਨ ਪਲਾਨ 100 ਵਿੱਚ ਨਿੱਜੀ ਆਪਰੇਟਰਜ਼ਾਂ ਵੱਲੋਂ ਟਰੇਨ ਚਲਾਉਣ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਟ੍ਰੇਨ ਨੂੰ ਚਲਾ ਕੇ ਇੱਕ ਅਧਿਅਨ ਵੀ ਕੀਤਾ ਜਾ ਰਿਹਾ ਸੀ, ਤਾਂ ਕਿ ਭਵਿੱਖ ਵਿੱਚ ਵੀ ਚੱਲਣ ਵਾਲੀਆਂ ਨਿੱਜੀ ਸੈਕਟਰ ਦੀਆਂ ਟਰੇਨਾਂ ਦੀ ਗਾਈਡ ਲਾਈਨ ਤੈਅ ਕੀਤੀ ਜਾ ਸਕੇ। ਇਸ ਸਾਲ ਮਾਰਚ ਵਿੱਚ ਲਾਕ ਡਾਊਨ ਲੱਗਣ ਤੱਕ ਤੇਜਸ ਦਾ ਤੇਜ਼ ਕਾਇਮ ਸੀ। ਇਹ ਪਹਿਲੀ ਟਰੇਨ ਸੀ, ਜਿਸ ਦੇ ਲੇਟ ਹੋਣ ’ਤੇ ਯਾਤਰੀਆਂ ਨੂੰ ਮੁਆਵਜ਼ਾ, ਸਫਰ ਦੇ ਦੌਰਾਨ ਯਾਤਰੀ ਦੇ ਘਰ ਦਾ ਬੀਮਾ, ਖਾਸ ਮੌਕਿਆਂ ਉੱਤੇ ਟ੍ਰੇਨ ਵਿੱਚ ਯਾਤਰੀਆਂ ਨੂੰ ਗਿਫਟ ਅਤੇ ਏਅਰ ਲਾਈਨ ਵਾਂਗ ਟ੍ਰੇਨ ਹੋਸਟੇਸ ਦੀ ਸਹੂਲਤ ਦਿੱਤੀ ਗਈ ਸੀ। ਅਨਲਾਕ ਹੋਣ ਪਿੱਛੋਂ ਬੀਤੇ ਅਕਤੂਬਰ ਵਿੱਚ ਫਿਰ ਤੇਜਸ ਸ਼ੁਰੂਕੀਤੀ ਗਈ ਸੀ, ਪਰ ਕੋਰੋਨਾ ਕਾਰਨ ਲਖਨਊ ਮੇਲ ਵਰਗੀ ਟਰੇਨ ਨੂੰ ਵੀ ਇਸ ਦੀਵਾਲੀ ਮੌਕੇ ਯਾਤਰੀ ਨਹੀਂ ਮਿਲ ਸਕੇ।

ਇਸ ਦੌਰਾਨ ਆਈ ਆਰ ਸੀ ਟੀ ਸੀ ਨੇ ਐਡਵਾਂਸ ਰਿਜ਼ਰਵੇਸ਼ਨ ਵਧਾ ਕੇ ਇੱਕ ਮਹੀਨਾ ਕਰ ਦਿੱਤੀ ਹੈ। ਇਸ ਦੇ ਬਾਵਜੂਦ ਯਾਤਰੀ ਨਾ ਮਿਲਣ ਉੱਤੇ ਤੇਜਸ ਨੂੰ 14 ਨਵੰਬਰ ਨੂੰ ਦੀਵਾਲੀ ਦੇ ਦਿਨ ਰੱਦ ਕਰਨਾ ਪਿਆ ਅਤੇ 23 ਨਵੰਬਰ ਤੋਂ ਇਸ ਟਰੇਨ ਵਿੱਚ 20 ਤੋਂ 25 ਸੀਟਾਂ ਬੁੱਕ ਹੋ ਰਹੀਆਂ ਸਨ, ਜਦ ਕਿ ਆਈ ਆਰ ਸੀ ਟੀ ਸੀ ਨੂੰ ਰੋਜ਼ 10 ਲੱਖ ਰੁਪਏ ਦਾ ਰੇਲਵੇ ਨੂੰ ਮੁਰੰਮਤ ਦਾ ਭੁਗਤਾਨ ਕਰਨਾ ਪੈਂਦਾ ਹੈ। ਆਈ ਆਰ ਸੀ ਟੀ ਸੀ ਨੇ ਭਾਰੀ ਘਾਟੇ ਤੋਂ ਬਚਣ ਲਈ ਲਖਨਊ-ਨਵੀਂ ਦਿੱਲੀ ਤੇਜਸ ਨੂੰ ਅਗਲੇ ਹੁਕਮਾਂ ਤੱਕ ਬੰਦ ਕਰਨ ਲਈ ਲਿਖਿਆ ਤਾਂ ਇਹ ਟਰੇਨ ਬੰਦ ਹੋ ਗਈ ਹੈ।

# ਜੰਮੂ-ਕਸ਼ਮੀਰ ਭ੍ਰਿਸ਼ਟ ਅਫਸਰਾਂ ਉਤੇ ਸ਼ਿਕੰਜਾ ਕੱਸਿਆ ਜਾ ਰਿਹੈ

*** ਤਿੰਨ ਮਹੀਨਿਆਂ ਦੌਰਾਨ 50 ਅਧਿਕਾਰੀ ਸਸਪੈਂਡ**

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਧਾਰਾ 370 ਦੇ ਪਰਦੇ ਹੇਠ ਬਚਦੇ ਰਹੇ ਭ੍ਰਿਸ਼ਟਾਚਾਰੀ ਅਧਿਕਾਰੀਆਂ ’ਤੇ ਅੱਜਕੱਲ੍ਹ ਕਾਨੂੰਨ ਦਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਪਿਛਲੇ ਤਿੰਨ ਮਹੀਨਿਆਂ ਵਿੱਚ 50 ਅਧਿਕਾਰੀਆਂ ਨੂੰ ਸਸਪੈਂਡ ਕੀਤਾ ਗਿਆ ਅਤੇ ਪੰਜ ਕੇਸ ਵਿੱਚ ਸੀ ਬੀ ਆਈ ਦੀ ਜਾਂਚ ਸ਼ੁਰੂ ਹੋ ਗਈ ਹੈ। 42 ਮਾਮਲਿਆਂ ਵਿੱਚ ਵਿਭਾਗੀ ਕਾਰਵਾਈ ਦੀ ਪ੍ਰਕਿਰਿਆ ਚੱਲ ਰਹੀ ਹੈ। ਕੱਲ੍ਹ ਸੀ ਬੀ ਆਈ ਨੇ ਰੈਵੇਨਿਊ ਵਿਭਾਗ ਦੇ ਅਣਪਛਾਤੇ ਅਧਿਕਾਰੀਆਂ ਖਿਲਾਫ ਤਿੰਨ ਅਲੱਗ-ਅਲੱਗ ਬਾਕਾਇਦਾ ਸ਼ਿਕਾਇਤਾਂ ਦਰਜ ਕੀਤੀਆਂ ਹਨ।

ਇਸ ਸੰਬੰਧ ਵਿੱਚ ਜੰਮੂ-ਕਸ਼ਮੀਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕੇਂਦਰੀ ਸ਼ਾਸਤ ਪ੍ਰਦੇਸ਼ ਬਣਨ ਦੇ ਬਾਅਦ ਇੱਥੇ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਜਾਂਚ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਯਕੀਨੀ ਕਰਨ ਲਈ ਪੁਖਤਾ ਸਿਸਟਮ ਤਿਆਰ ਹੋ ਰਿਹਾ ਹੈ।ਇਸ ਤਹਿਤ ਪਹਿਲੀ ਵਾਰ ਭ੍ਰਿਸ਼ਟਾਚਾਰ ਰੋਕੂ ਬ੍ਰਾਂਚ ਬਣਾਈ ਗਈ ਹੈ, ਜਿੱਥੇ ਵੱਡੇ ਅਧਿਕਾਰੀਆਂ ਦੇ ਖਿਲਾਫ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਜਾਂਚ ਕੀਤੀ ਜਾਂਦੀ ਹੈ। ਇਸ ਦੇ ਨਾਲ ਜ਼ਿਲ੍ਹਾ ਪੱਧਰ ’ਤੇ ਚੌਕਸੀ ਵਿਭਾਗ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਪਹਿਲੀ ਵਾਰ ਭ੍ਰਿਸ਼ਟਾਚਾਰ ਖਿਲਾਫ ਸ਼ਿਕਾਇਤਾਂ ਦੀ ਜਾਂਚ ਸ਼ੁਰੂ ਹੋਈ ਹੈ। ਪ੍ਰਸ਼ਾਸਨ ਨੇ ਦੋਸ਼ੀ ਅਧਿਕਾਰੀਆਂ ਨੂੰ ਸਸਪੈਂਡ ਕਰ ਕੇ ਭ੍ਰਿਸ਼ਟਾਚਾਰ ਨੂੰ ਬਿਲਕੁਲ ਬਰਦਾਸ਼ਤ ਨਾ ਕਰਨ ਦਾ ਸੰਦੇਸ਼ ਦਿੱਤਾ ਹੈ। ਉਚ ਪੱਧਰੀ ਸੂਤਰਾਂ ਅਨੁਸਾਰ ਭ੍ਰਿਸ਼ਟਾਚਾਰ ਦੇ ਵੀਹ ਕੇਸਾਂ ਵਿੱਚ ਪ੍ਰਸ਼ਾਸਨ ਨੇ ਚਾਰਜਸ਼ੀਟ ਦਾਖਲ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

# ਹਥਿਆਰਬੰਦ ਫੋਰਸਾਂ ਦੀ ਤਾਇਨਾਤੀ ਬਾਰੇ ਸੁਪਰੀਮ ਕੋਰਟ ਦਖ਼ਲ ਨਹੀਂ ਦੇਵੇਗੀ



ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਹਥਿਆਰਬੰਦ ਫੋਰਸਾਂ ਦੇ ਜਵਾਨਾਂ ਦੀ ਤਾਇਨਾਤੀ ਦੇ ਕੇਸਾਂ ’ਚ ਉਹ ਦਖ਼ਲ ਨਹੀਂਦੇਵੇਗੀ,ਕਿਉਂਕਿ ਕਿਸੇ ਨਾ ਕਿਸੇ ਵਿਅਕਤੀ ਨੇ ਤਾਂ ਲੱਦਾਖ, ਉਤਰ ਪੂਰਬ ਦੇ ਚੋਣਵੇਂ ਇਲਾਕਿਆਂ ਅਤੇ ਅੰਡੇਮਾਨ-ਨਿਕੋਬਾਰ ਟਾਪੂ ਵਰਗੀਆਂ ਥਾਵਾਂ ’ਤੇ ਜਾ ਕੇ ਸੇਵਾ ਕਰਨੀ ਹੀ ਹੈ।

ਇਸ ਬਾਰੇ ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ ਹੁਕਮਾਂ ਵਿਰੁੱਧ ਫੌਜ ਦੇ ਇੱਕ ਅਧਿਕਾਰੀ ਦੀ ਅਪੀਲ ਉਤੇ ਸੁਣਵਾਈ ਦੌਰਾਨ ਇਹ ਟਿੱਪਣੀ ਕੀਤੀ ਹੈ। ਹਾਈ ਕੋਰਟ ਨੇ ਫੌਜ ਦੇ ਉਕਤ ਕਰਨਲ ਅਤੇ ਉਨ੍ਹਾਂ ਦੀ ਪਤਨੀ ਨੂੰ ਕਿਹਾ ਸੀ ਕਿ ਉਹ 15 ਦਿਨ ਦੇ ਅੰਦਰ ਆਪਣੀ ਤਾਇਨਾਤੀ ਵਾਲੀ ਥਾਂ ’ਤੇ ਜ਼ਿੰਮੇਵਾਰੀ ਸੰਭਾਲਣ। ਪਟੀਸ਼ਨਰ, ਜੋ ਜੱਜ ਐਡਵੋਕੇਟ ਜਨਰਲ ਵਿਭਾਗ ’ਚ ਅਧਿਕਾਰੀ ਹਨ, ਨੇ 15 ਮਈ ਦੇ ਆਪਣੀ ਤਾਇਨਾਤੀ ਦੇ ਹੁਕਮ ਨੂੰ ਹਾਈ ਕੋਰਟ ’ਚ ਚੁਣੌਤੀ ਦਿੱਤੀ ਅਤੇ ਦੋਸ਼ ਲਾਇਆ ਸੀ ਕਿ ਕਿਉਂਕਿਉਨ੍ਹਾਂ ਕੈਗ (ਕੰਪਟਰੋਲਟ ਐਂਡ ਆਡੀਟਰ ਜਨਰਲ) ਅਤੇ ਹੋਰਨਾਂ ਵਿਰੁੱਧ ਕਾਨੂੰਨੀ ਸ਼ਿਕਾਇਤ ਕੀਤੀ ਸੀ, ਇਸ ਲਈ ਉਨ੍ਹਾਂ ਨੂੰ ਤੇ ਉਨ੍ਹਾਂ ਦੀ ਪਤਨੀ ਨੂੰ ਇੰਨੀ ਦੂਰ ਬਦਲਣ ਦਾ ਫੈਸਲਾ ਲਿਆ ਗਿਆ ਹੈ। ਅਧਿਕਾਰੀ ਨੇ ਰਾਜਸਥਾਨ ਦੇ ਜੋਧਪੁਰ ਤੋਂ ਅੰਡੇਮਾਨ-ਨਿਕੋਬਾਰ ਟਾਪੂ ਵਿੱਚ ਆਪਣੀ ਬਦਲੀ ਕੀਤੇ ਜਾਣ ਨੂੰ ਚੁਣੌਤੀ ਦਿੱਤੀ ਲਈ ਇਹ ਦਲੀਲ ਦਿੱਤੀ ਸੀ ਕਿ ਉਸ ਦੀ ਪਤਨੀ ਨੂੰ ਪੰਜਾਬ ਦੇ ਬਠਿੰਡਾ ਵਿਖੇ ਤਾਇਨਾਤ ਕੀਤਾ ਜਾ ਰਿਹਾ ਹੈ। ਜਸਟਿਸ ਧਨੰਜੇ ਵਾਈ ਚੰਦਰਚੂੜ, ਜਸਟਿਸ ਇੰਦੂ ਮਲਹੋਤਰਾ ਅਤੇ ਜਸਟਿਸ ਇੰਦਰਾ ਬੈਨਜਰੀ ਦੇ ਬੈਂਚ ਸਾਹਮਣੇ ਪਟੀਸ਼ਨਰਵੱਲੋਂ ਪੇਸ਼ ਵਕੀਲ ਰਣਜੀਤ ਕੁਮਾਰ ਨੇ ਕਿਹਾ ਕਿ ਬਠਿੰਡਾ ਅਤੇ ਅੰਡੇਮਾਨ ਨਿਕੋਬਾਰ ਦੀ 3500 ਕਿਲੋਮੀਟਰਤੋਂ ਵੱਧ ਦੂਰੀ ਹੈ। ਦੋਹਾਂ ਅਧਿਕਾਰੀਆਂ ਦਾ ਸਾਡੇ ਚਾਰ ਸਾਲ ਦਾ ਬੱਚਾ ਹੈ। ਉਨ੍ਹਾਂ ਆਪੋ-ਆਪਣੀ ਥਾਂ ਜ਼ਿੰਮੇਵਾਰੀ ਸੰਭਾਲ ਲਈ ਹੈ। ਉਨ੍ਹਾਂ ਬੈਂਚ ਨੂੰ ਕਿਹਾ ਕਿ ਇਸ ਤਬਦੀਲੀ ਕਾਰਨ ਪਟੀਸ਼ਨਕਰਤਾ ਨੂੰ ਸਵੈ ਇੱਛੁਕ ਰਿਟਾਇਰਮੈਂਟ ਲਈ ਅਰਜ਼ੀ ਦੇਣੀ ਹੋਵੇਗੀ।

# ਹਿਮਾਚਲ ’ਚ 7 ਬਿਹਾਰੀ ਮਜ਼ਦੂਰਾਂ ਦੀ ਸੜਕ ਹਾਦਸੇ ਵਿੱਚ ਮੌਤ

ਮੰਡੀ, 17 ਨਵੰਬਰ (ਪੋਸਟ ਬਿਊਰੋ)- ਕੱਲ੍ਹ ਸਵੇਰੇ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦੇ ਪੁਲਘਰਾਟ ਇਲਾਕੇ ਦੇ ਕੋਲ ਸੁਕੇਤੀ ਖੱਡ ਦੀ ਜਲ ਧਾਰਾ ਵਿੱਚ ਇੱਕ ਪਿਕਅੱਪ ਗੱਡੀ ਦੇ ਡਿੱਗਣ ਨਾਲ 7 ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਜਾਣਾ ਜ਼ਖ਼ਮੀ ਹੋ ਗਿਆ। ਹਾਦਸੇ ਵਿੱਚ ਮਰਨ ਵਾਲੇ ਸਾਰੇ ਲੋਕ ਬਿਹਾਰ ਤੋਂ ਆਏ ਮਜ਼ਦੂਰ ਦੱਸੇ ਗਏ ਹਨ।

ਸਦਰ ਥਾਣੇ ਦੇ ਐਸ ਐਚ ਓ ਵਿਨੋਦ ਕੁਮਾਰ ਠਾਕੁਰ ਨੇ ਓਥੇ ਪੁੱਜ ਕੇ ਨਦੀ ਵਿੱਚ ਡਿੱਗ ਗੱਡੀ ’ਚੋਂ ਲਾਸ਼ਾਂ ਬਾਹਰ ਕੱਢਵਾਈਆਂ। ਹਾਦਸੇ ਵਿੱਚ ਗੱਡੀ ਦਾ ਚਾਲਕ ਗੰਭੀਰ ਜ਼ਖ਼ਮੀ ਹੋਇਆ ਹੈ ਜਿਸ ਨੂੰ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ ਹੈ।ਵਿਨੋਦ ਕੁਮਾਰ ਨੇ ਦੱਸਿਆ ਕਿ ਇਹ ਮਜ਼ਦੂਰ ਦੇਰ ਰਾਤ ਬੱਸ ਸਟੈਂਡ ਵਿਖੇ ਬਿਹਾਰ ਤੋਂ ਆਏ ਸਨ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਲੈਣ ਲਈ ਠੇਕੇਦਾਰ ਦੀ ਗੱਡੀ ਆਈ, ਪਰ ਪੁਲਘਰਾਟ ਕੋਲ ਪਿਕਅੱਪ ਬੇਕਾਬੂ ਹੋ ਕੇ ਡਿੱਗ ਗਈ। ਹਾਦਸੇ ਕਾਰਨ ਪਿੱਛੇ ਬੈਠੇ ਸਾਰੇ 7 ਲੋਕਾਂ ਦੀ ਮੌਤ ਹੋ ਗਈ।

# ਰੇਲਵੇ ਨੂੰ 3,090 ਮਾਲ ਗੱਡੀਆਂ ਰੱਦ ਹੋਣ ’ਤੇ 1,670 ਕਰੋੜ ਦਾ ਘਾਟਾ ਪਿਆ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਜਾਣਕਾਰ ਸੂਤਰਾਂ ਨੇ ਦੱਸਿਆ ਹੈ ਕਿ ਰੇਲਵੇ ਨੂੰ ਕੇਂਦਰ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਤਕਰੀਬਨ 50 ਦਿਨਾਂ ਤੋਂ ਪੰਜਾਬ ਦੇ ਕਿਸਾਨਾਂ ਦੇ ਅੰਦੋਲਨ ਕਾਰਨ 1,670 ਕਰੋੜ ਰੁਪਏ ਦਾ ਘਾਟਾ ਸਹਿਣਾ ਪਿਆ ਹੈ, ਇਸ ਦੌਰਾਨ ਰੇਲਵੇ ਨੂੰ 3,090 ਮਾਲ ਗੱਡੀਆਂ ਅਤੇ 1,986 ਯਾਤਰੀ ਰੇਲ ਗੱਡੀਆਂ ਰੱਦ ਕਰਨੀਆਂ ਪਈਆਂ ਹਨ। ਰੇਲਵੇ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਵੱਲੋਂਸਿਰਫ ਮਾਲ ਗੱਡੀਆਂ ਮੁੜ ਚਾਲੂ ਕਰਨ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਸੂਤਰਾਂ ਮੁਤਾ-ਬਕ ਨੈਸ਼ਨਲ ਟਰਾਂਸਪੋਰਟ (ਰੇਲਵੇ) ਨੂੰ ਪੰਜਾਬ ’ਚ ਰੇਲ ਸੇਵਾਵਾਂ ਦੇ ਰੁਕਣ ਕਾਰਨ ਰੋਜ਼ਾਨਾ 36 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। 1 ਅਕਤੂਬਰ ਤੋਂ 15 ਨਵੰਬਰ ਤੱਕ ਰੇਲਵੇ ਨੂੰ ਮਾਲ ਗੱਡੀਆਂ ਤੇ ਯਾਤਰੀ ਗੱਡੀਆਂ ਦੀ ਰੁਕਾਵਟ ਕਾਰਨ ਭਾਰੀ ਨੁਕਸਾਨ ਉਠਾਉਣਾ ਪਿਆ ਹੈ ਅਤੇ ਲੱਦਾਖ ਅਤੇ ਜੰਮੂ-ਕਸ਼ਮੀਰ ਲਈ ਲੋੜੀਂਦੀਆਂ ਰੇਲ ਗੱਡੀਆਂ ਪੰਜਾਬ ਤੋਂ ਬਾਹਰ ਹੀ ਫਸੀਆਂ ਹੋਈਆਂ ਹਨ।



ਇਨ੍ਹਾਂ ਸੂਤਰਾਂ ਅਨੁਸਾਰ ਪੰਜਾਬ ’ਚ 5 ਪਾਵਰ (ਬਿਜਲੀ) ਪਲਾਂਟਾਂ ਲਈ ਕੋਲੇ ਦੇ 520 ਰੈਕਾਂ ਦੀ ਡਿਲਵਰੀ ਨਾ ਹੋਣ ਕਾਰਨ ਵੀ ਰੇਲਵੇ ਨੂੰ 550 ਕਰੋੜ ਰੁਪਏ ਦਾ ਘਾਟਾ ਪੈਣ ਦੇ ਨਾਲ 110 ਸਟੀਲ ਦੇ ਰੈਕ ਰੱਦ ਹੋਣ ਨਾਲ ਤਕਰੀਬਨ 120 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸੀਮਿੰਟ ਦੇ 170 ਰੈਕਾਂ ਕਾਰਨ 100 ਕਰੋੜ ਰੁਪਏ ਤੇ ਕਲਿੰਕਰ (ਖਿੰਘਰ) ਦੇ 90 ਰੈਕਾਂ ਕਾਰਨ 35 ਕਰੋੜ ਰੁਪਏ ਘਾਟਾ ਪਿਆ ਹੈ। ਰੇਲਵੇ ਨੂੰ ਅਨਾਜ ਦੇ 1,150 ਰੈਕਾਂ ਕਾਰਨ 550 ਕਰੋੜ ਰੁਪਏ, ਖਾਦ ਦੇ 270 ਰੈਕਾਂ ਕਾਰਨ 140 ਕਰੋੜ ਰੁਪਏ ਤੇ ਪੈਟਰੋਲੀਅਮ, ਤੇਲ ਤੇ ਲੁਬਰੀਕੈਂਟ ਦੇ 110 ਰੈਕਾਂ ਦੇ ਕਾਰਨ 40 ਕਰੋੜ ਦਾ ਨੁਕਸਾਨ ਹੋਇਆ ਹੈ। ਇਸ ਦੌਰਾਨ ਵੱਖ-ਵੱਖ ਵਸਤੂਆਂ ਦੇ ਕਰੀਬ 600 ਕੰਟੇਨਰਾਂ ਦੇ ਰੱਦ ਹੋਣ ਨਾਲ 120 ਕਰੋੜ ਰੁਪਏ ਅਤੇ 70 ਹੋਰ ਵਸਤੂਆਂ ਦੇ ਰੈਕਾਂ ਦੀ ਮੁਅੱਤਲੀ ਕਾਰਨ 15 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਅੱਜ ਤੱਕ ਰੇਲਵੇ ਨੂੰ 3,090 ਮਾਲ ਗੱਡੀਆਂ ਦੇ ਰੱਦ ਹੋਣ ਨਾਲ 1,670 ਕਰੋੜ ਰੁਪਏ ਦਾ ਘਾਟਾ ਪੈ ਚੁੱਕਾ ਹੈ।



# ਗਿਲਗਿਤ-ਬਾਲਟਿਸਤਾਨ ਚੋਣਾਂ ਵਿਚ ਪੀ ਟੀ ਆਈ ਨੇ ਜ਼ਿਆਦਾਤਰ ਸੀਟਾਂ ਜਿੱਤੀਆਂ

* ਵਿਰੋਧੀ ਧਿਰ ਵੱਲੋਂ ਇਮਰਾਨ ਖਾਨ ’ਤੇ ਧਾਂਦਲੀ ਦਾ ਦੋਸ਼



ਲਾਹੌਰ, 17 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਵਿਰੋਧ ਦੇ ਦੌਰਾਨ ਮਕਬੂਜ਼ਾ ਕਸ਼ਮੀਰ (ਪੀ ਓ ਕੇ) ਦੇ ਗਿਲਗਿਤ-ਬਾਲਟਿਸਤਾਨ ’ਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਸਭ ਤੋਂ ਵੱਧ ਸੀਟਾਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਗਵਾਈ ਵਾਲੀ ਪਾਕਿਸਤਾਨ-ਤਹਿਰੀਕ -ਏ-ਇਨਸਾਫ਼ (ਪੀ ਟੀ ਆਈ) ਪਾਰਟੀ ਨੇ ਜਿੱਤੀਆਂ ਹਨ, ਪਰ ਉਸ ਨੂੰ ਬਹੁਮਤ ਨਹੀਂ ਮਿ-ਲਆ। ਵੱਡੀ ਗਿਣਤੀ ’ਚ ਆਜ਼ਾਦ ਉਮੀਦਵਾਰਾਂ ਦੀ ਜਿੱਤ ਨਾਲ ਮੰਨਿਆ ਜਾ ਰਿਹਾ ਹੈ ਕਿ ਪੀ ਟੀ ਆਈ ਨੂੰ ਸਰਕਾਰ ਬਣਾਉਣ ’ਚ ਮੁਸ਼ਕਲ ਨਹੀਂ ਆਵੇਗੀ। ਮੌਜੂਦਾ ਚੋਣ ਨਤੀਜਿਆਂ ਦਾ ਸਰਕਾਰੀ ਐਲਾਨ ਨਹੀਂ ਕੀਤਾ ਗਿਆ ਹੈ ਪਰ ਵੱਖ-ਵੱਖ ਮੀਡੀਆ ਅਦਾਰਿਆਂ ਵੱਲੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਪੀ ਟੀ ਆਈ ਨੇ 9 ਸੀਟਾਂ ਜਿੱਤੀਆਂ ਹਨ।

ਆਜ਼ਾਦ ਉਮੀਦਵਾਰਾਂ ਦੇ ਖਾਤੇ ’ਚ 7 ਸੀਟਾਂ ਗਈਆਂ। ਪਾਕਿਸਤਾਨ ਪੀਪਲਜ਼ ਪਾਰਟੀ(ਪੀ ਪੀ ਪੀ) ਨੇ 4 ਸੀਟਾਂ, ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ-ਐਨ) ਨੇ 2, ਜਮੀਅਤ ਉਲੇਮਾ-ਏ-ਇਸਲਾਮ ਫਜ਼ਲ ਤੇ ਮਜਲਿਸ ਵਹਿਦਤੁਲ ਮੁਸਲਮਿਨ ਨੇ ਇੱਕ-ਇੱਕ ਸੀਟ ਜਿੱਤੀ ਹੈ। ਇਸ ਵਿਧਾਨ ਸਭਾ ਦੀਆਂ ਕੁੱਲ 24 ਸੀਟਾਂ ਹਨ, ਪਰ ਇੱਕ ਉਮੀਦਵਾਰ ਦੀ ਮੌਤ ਕਾਰਨ ਚੋਣ ਮੁਲਤਵੀ ਕੀਤੇ ਜਾਣ ਕਾਰਨ 23 ਸੀਟਾਂ ’ਤੇ ਵੋਟਿੰਗ ਹੋਈ ਸੀ। ਵਿਰੋਧੀ ਦਲਾਂ ਪੀ ਪੀ ਪੀ ਅਤੇ ਪੀ ਐਮ ਐਲ-ਐਨ ਨੇ ਇਮਰਾਨ ਖਾਨ ’ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਵੱਲੋਂ ਪੀ ਟੀ ਆਈ ਨੂੰ ਫ਼ਾਇਦਾ ਪਹੁੰਚਾਉਣ ਲਈ ਵੱਡੇ ਪੱਧਰ ’ਤੇ ਚੋਣ ਧਾਂਦਲੀ ਕੀਤੀ ਗਈ ਹੈ। ਪੀ ਪੀ ਪੀ ਦੇ ਜਨਰਲ ਸਕੱਤਰ ਨਈਅਰ ਬੁਖ਼ਾਰੀ ਨੇ ਸੱਤਾਧਾਰੀ ਪੀ ਟੀ ਆਈ ਉਮੀਦਵਾਰਾਂ ਨੂੰ ਅਯੋਗ ਠਹਿਰਾਉਣ ਦੀ ਮੰਗ ਕੀਤੀ ਹੈ। ਵਿਦੇਸ਼ ਮੰਤਰੀ ਅਤੇ ਸੀਨੀਅਰ ਪੀ ਟੀ ਆਈ ਨੇਤਾ ਸ਼ਾਹ ਮਹਿਮੂਦ ਕੁਰੈਸ਼ੀ ਨੇ ਚੋਣਾਂ ’ਚ ਧਾਂਦਲੀ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

# ਪਾਕਿਸਤਾਨੀ ਜ਼ੁਲਮ ਖ਼ਿਲਾਫ਼ ਹਜ਼ਾਰਾਂ ਪਸ਼ਤੂਨਾਂ ਵੱਲੋਂ ਰੋਸ ਪ੍ਰਦਰਸ਼ਨ

ਇਸਲਾਮਾਬਾਦ, 17 ਨਵੰਬਰ (ਪੋਸਟ ਬਿਊਰੋ)- ਐਕਸਟਰਾ ਜੁਡੀਸ਼ੀਅਲ ਮਰਡਰ, ਜ਼ਬਰਦਸਤੀ ਗਾਇਬ ਕਰਨਾ ਅਤੇ ਗੈਰ-ਕਾਨੂੰਨੀ ਕੈਦ ਵਜੋਂ ਪਾਕਿਸਤਾਨੀ ਪ੍ਰਸ਼ਾਸ਼ਕਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੇ ਖ਼ਿਲਾਫ਼ ਪਸ਼ਤੂਨ ਤਹਿਫੂਜ ਨੇ ਉੱਤਰੀ ਵਜੀਰਿਸਤਾਨ ’ਚ ਹਜ਼ਾਰਾਂ ਪਸ਼ਤੂਨਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ ਹੈ।

ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਰਦੀ ਪੀ ਟੀ ਐਮ ਨੇ ਉੱਤਰੀ ਵਜੀਰਿਸਤਾਨ ਦੇ ਮੀਰਾਨਸ਼ਾਹ ਇਲਾਕੇ ਵਿੱਚ ਵੱਡੇ ਪੱਧਰ ’ਤੇ ਲੋਕਾਂ ਦਾ ਇਕੱਠ ਕੀਤਾ ਸੀ। ਪਾਕਿਸਤਾਨ ਦੇ ਸਾਬਕਾ ਸੀਨੇਟਰ ਅਪਰਾਸੀਆਬ ਖੱਟੜ ਨੇ ਕਿਹਾ ਕਿ ਪੀ ਟੀ ਐਮ ਦੇ ਮੈਂਬਰ ਡੂਰੰਡ ਲਾਈਨ ਦੇ ਦੋਵੇਂ ਪਾਸੇ ਸੰਭਾਵੀ ਜੰਗ ਟਾਲਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇੱਕ ਹੋਰ ਮਨੁੱਖੀ ਅਧਿਕਾਰ ਵਰਕਰ ਅਤੇ ਪੀ ਟੀ ਐਮ ਦੀ ਸਮਰੱਥਕ ਖੋਰ ਬੀਵੀ ਨੇ ਕਿਹਾ ਕਿ ਪਸ਼ਤੂਨਾਂ ਦੇ ਖ਼ਿਲਾਫ਼ ਅੱਤਿਆਚਾਰਾਂ ਵਿਰੁੱਧ ਉੱਤਰੀ ਵਜੀਰਿਸਤਾਨ ਦੇ ਮੀਰਾਨਸ਼ਾਹ ’ਚ ਹਜ਼ਾਰਾਂ ਪਸ਼ਤੂਨ ਇਕੱਠੇ ਹੋਏ ਸਨ।



ਪਸ਼ਤੂਨ ਪਾਕਿਸਤਾਨ ਦਾ ਦੂਸਰਾ ਸਭ ਤੋਂ ਵੱਡਾ ਨਸਲੀ ਗਰੁੱਪ ਹੈ, ਜੋ ਦੇਸ਼ ਦੀ ਆਬਾਦੀ ਦਾ 15 ਫ਼ੀਸਦੀ ਹਿੱਸਾ ਹੈ। ਪੀ ਟੀ ਐਮ ਇੱਕ ਸਿਵਲ ਰਾਈਟ ਮੂਵਮੈਂਟ ਹੈ ਜੋ ਪਾਕਿਸਤਾਨ ਦੇ ਪਸ਼ਤੂਨ ਬੈਲਟ ’ਚ ਸਰਕਾਰ ਵੱਲੋਂ ਪਾਲੇ ਅੱਤਵਾਦ ਅਤੇ ਮਨੁੱਖੀ ਅਧਿਕਾਰ ਦੀ ਉਲੰਘਣਾ ਦੇ ਖ਼ਿਲਾਫ਼ ਆਵਾਜ਼ ਉਠਾਉਂਦਾ ਹੈ। ਪਾਕਿਸਤਾਨ ’ਚ ਜਿਸ ਤਰ੍ਹਾਂ ਨਾਗਰਿਕਾਂ ਦਾ ਇੱਕ ਵੱਡਾ ਵਰਗ ਮਾਰਿਆ ਗਿਆ ਅਤੇ ਕਈਆਂ ਨੂੰ ਜ਼ਬਰਦਸਤੀ ਗਾਇਬ ਕਰ ਦਿੱਤਾ ਗਿਆ, ਉਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨੀ ਆਰਮੀ ਪਸ਼ਤੂਨਾਂ ਦਾ ਕਤਲੇਆਮ ਕਰ ਰਹੀ ਹੈ।

# ਪ੍ਰਧਾਨ ਮੰਤਰੀ ਬੋਰਿਸ ਜੌਨਸਨ ਕੋਰੋਨਾ ਦੇ ਖਤਰੇ ਦੇ ਕਾਰਨ ਫਿਰ ਕੁਆਰੰਟਾਈਨ ’ਚ ਗਏ



ਲੰਡਨ, 17 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਇੱਕ ਐਮ ਪੀ ਨਾਲ ਮੁਲਾਕਾਤ ਪਿੱਛੋਂਫਿਰ ਕੁਆਰੰਟਾਈਨ ਵਿੱਚ ਚਲੇ ਗਏ ਹਨ। ਇਹ ਐਮ ਪੀ ਕੋਵਿਡ-19 ਟੈਸਟ ਵਿੱਚ ਪਾਜ਼ੀਟਿਵ ਮਿਲਿਆ ਸੀ।

ਵਰਨਣ ਯੋਗ ਹੈ ਕਿ ਜੌਨਸਨ ਕੋਰੋਨਾ ਦੀ ਲਪੇਟ ਵਿੱਚ ਮਾਰਚ ਵਿੱਚ ਹੀ ਆ ਗਏ ਸਨ। ਉਸ ਸਮੇਂ ਉਹ ਤਿੰਨ ਦਿਨ ਹਸਪਤਾਲ ਦੇ ਆਈ ਸੀ ਯੂ ਵਿੱਚ ਰਹੇ ਸਨ। ਇਸ ਵਾਰ ਕੁਆਰੰਟਾਈਨ ਵਿੱਚ ਹੋਣ ਦੌਰਾਨ ਜੌਨਸਨ ਆਪਣਾ ਕੰਮ ਜਾਰੀ ਰੱਖਣਗੇ।ਸੈਲਫ ਆਈਸੋਲੇਸ਼ਨ ਬਾਰੇ ਜਾਣਕਾਰੀ ਜੌਨਸਨ ਨੇ ਖੁਦ ਦੇ ਕੇ ਟਵੀਟ ਕੀਤਾ, ‘ਮੈਨੂੰ ਸਿਹਤ ਅਧਿਕਾਰੀਆਂ ਨੇ ਸੂਚਿਤ ਕੀਤਾ ਹੈ ਕਿ ਤੁਹਾਨੂੰ ਕੁਆਰੰਟਾਈਨ ਵਿੱਚ ਚਲੇ ਜਾਣਾ ਚਾਹੀਦਾ ਹੈ ਕਿਉਂਕਿ ਜਿਸ ਵਿਅਕਤੀ ਨਾਲ ਤੁਸੀਂ ਸੰਪਰਕ ਵਿੱਚ ਆਏ ਹੋ, ਉਹ ਕੋਵਿਡ-19 ਪਾਜ਼ੀਟਿਵ ਹੈ।’ਜੌਨਸਨ ਨੂੰ ਕੋਰੋਨਾ ਦੇ ਕੋਈ ਲੱਛਣ ਨਹੀਂ ਅਤੇ ਉਹ ਦੋ ਹਫਤੇ ਤੱਕ ਕੁਆਰੰਟਾਈਨ ਵਿੱਚ ਰਹਿਣਗੇ। 56 ਸਾਲਾਂ ਦੇ ਪ੍ਰਧਾਨ ਮੰਤਰੀ ਜੌਨਸਨ ਕੱਲ੍ਹ ਲਗਭਗ 35 ਮਿੰਟ ਐਸ਼ਫੀਲਡ ਦੇ ਐਮ ਪੀ ਲੀ ਐਂਡਰਸਨ ਨੂੰ ਮਿਲੇ ਸਨ। ਉਸ ਮੁਲਾਕਾਤ ਦੀ ਫੋਟੋ ਮੀਡੀਆ ਵਿੱਚ ਆਈ ਹੈ, ਜਿਸ ਵਿੱਚ ਜੌਨਸਨ ਐਮ ਪੀ ਦੇ ਨਾਲ ਹਨ। ਵਰਨਣ ਯੋਗ ਹੈ ਕਿ ਬ੍ਰਿਟੇਨ ਇਸ ਸਮੇਂ ਕੋਰੋਨਾ ਮਹਾਂਮਾਰੀ ਦੀ ਲਪੇਟ ਵਿੱਚ ਹੈ ਅਤੇ ਲਾਕਡਾਊਨ ਵੀ ਐਲਾਨ ਕੀਤਾ ਹੋਇਆ ਹੈ। ਇੱਥੇ ਪੰਜਾਹ ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੁੱਲ ਕੇਸਾਂ ਦੀ ਗਿਣਤੀ 13 ਲੱਖ 72 ਹਜ਼ਾਰ ਤੋਂ ਵੱਧ ਹੋ ਗਈ ਹੈ। ਪ੍ਰਧਾਨ ਮੰਤਰੀ ਨਿਵਾਸ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਜੌਨਸਨ ਕੁਆਰੰਟਾਈਨ ਵਿੱਚ ਰਹਿੰਦੇ ਹੋਏ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗਾਂ ਵਿੱਚ ਹਿੱਸਾ ਲੈਂਦੇ ਰਹਿਣਗੇ।

# ਸਪੇਸ ਐਕਸ ਨੇ ਚਾਰ ਪੁਲਾੜ ਯਾਤਰੀ ਅੰਤਰ ਰਾਸ਼ਟਰੀ ਸਪੇਸ ਸਟੇਸ਼ਨ ’ਚ ਭੇਜੇ

ਵਾਸ਼ਿੰਗਟਨ, 17 ਨਵੰਬਰ (ਪੋਸਟ ਬਿਊਰੋ)- ਐਲਨ ਮਸਕ ਦੀ ਰਾਕੇਟ ਕੰਪਨੀ ਸਪੇਸ ਐਕਸ ਤੇ ਅਮਰੀਕੀ ਪੁਲਾੜ ਖੋਜ ਏਜੰਸੀ ਨਾਸਾ ਨੇ ਪੁਲਾੜ ਵਿੱਚ ਇੱਕ ਨਵਾਂ ਮੁਕਾਮ ਹਾਸਲ ਕੀਤਾ ਹੈ।

ਅਸਲ ਵਿੱਚ ਸਪੇਸਐਕਸ ਨੇ ਫਾਲਕਨ ਰਾਕੇਟ ਦੇ ਰਾਹੀਂ ਚਾਰ ਪੁਲਾੜ ਯਾਤਰੀਆਂ ਨੂੰ ਅੰਤਰ ਰਾਸ਼ਟਰੀ ਸਪੇਸ ਸਟੇਸ਼ਨ (ਆਈ ਐਸ ਐਸ) ਵਿਖੇ ਭੇਜਿਆ ਹੈ। ਇਹ ਨਾਸਾ ਦਾ ਪਹਿਲਾ ਇਸ ਤਰ੍ਹਾਂ ਦਾ ਮਿਸ਼ਨ ਹੈ ਜਿਸ ਵਿੱਚ ਪੁਲਾੜ ਯਾਤਰੀਆਂ ਨੂੰ ਆਈ ਐਸ ਐਸ ’ਤੇ ਭੇਜਣ ਲਈ ਕਿਸੇ ਨਿੱਜੀ ਪੁਲਾੜ ਗੱਡੀ ਦੀ ਮਦਦ ਲਈ ਗਈ ਹੈ। ਫਾਲਕਨ ਰਾਕੇਟ ਨੇ ਪਰਸੋਂ ਰਾਤ ਤਿੰਨ ਅਮਰੀਕੀਆਂ ਅਤੇ ਇੱਕ ਜਾਪਾਨੀ ਨਾਗਰਿਕ ਨੂੰ ਲੈ ਕੇ ਕੈਨੇਡੀ ਪੁਲਾੜ ਕੇਂਦਰ ਤੋਂ ਉਡਾਣ ਭਰੀ ਸੀ।ਸਪੇਸਐਕਸ ਦੇ ਯਾਨ ਤੋਂ ਦੂਜੀ ਵਾਰ ਪੁਲਾੜ ਯਾਤਰੀਆਂ ਨੂੰ ਰਵਾਨਾ ਕੀਤਾ ਗਿਆ ਹੈ। ਇਸ ‘ਡ੍ਰੈਗਨ’ ਕੈਪਸੂਲ ਯਾਨ ਨੂੰ ਇਸ ਦੇ ਚਾਲਕ ਦਲ ਦੇ ਮੈਂਬਰਾਂ ਨੇ 2020 ਵਿੱਚ ਦੁਨੀਆ ਭਰ ਵਿੱਚ ਆਈਆਂ ਚੁਣੌਤੀਆਂ ਨੂੰ ਦੇਖਦੇ ਹੋਏ ‘ਰੇਸਿਲਿਯੰਸ’ ਨਾਂ ਦਿੱਤਾ ਹੈ। ਯਾਨ ਲਾਂਚ ਦੇ 9 ਮਿੰਟ ਬਾਅਦ ਆਪਣੇ ਪੰਧ ਵਿੱਚ ਪਹੁੰਚ ਗਿਆ ਸੀ।

ਕਮਾਂਡਰ ਮਾਇਕ ਹਾਪਕਿਨਜ਼ ਨੇ ਲਾਂਚ ਤੋਂ ਪਹਿਲਾਂ ਕਿਹਾ, ‘ਇਸ ਮੁਸ਼ਕਲ ਸਮੇਂ ਵਿੱਚ ਮਿਲ ਕੇ ਕੰਮ ਕਰ ਕੇ ਤੁਸੀਂ ਦੇਸ਼ ਅਤੇ ਦੁਨੀਆ ਨੂੰ ਪ੍ਰੇਰਿਤ ਕੀਤਾ ਹੈ। ਇਸ ਸ਼ਾਨਦਾਰ ਯਾਨ ਨੂੰ ਰੇਸਿਲਿਯੰਸ ਨਾਮ ਦਿੱਤਾ ਗਿਆ ਹੈ।’’ ਸਪੇਸਐਕਸ ਦੇ ਮੋਢੀ ਅਤੇ ਮੁੱਖ ਕਾਰਜਕਾਰੀ ਐਲਨ ਮਸਕ ਨੂੰ ਕੋਰੋਨਾ ਵਾਇਰਸ ਨਾਲ ਪੀੜਤ ਹੋਣ ਕਾਰਨ ਦੂਰ ਤੋਂ ਇਸ ’ਤੇ ਨਜ਼ਰ ਰੱਖਣ ਲਈ ਮਜ਼ਬੂਰ ਹੋਣਾ ਪਿਆ। ਕੈਪਸੂਲ ਦੇ ਪੰਧ ਵਿੱਚ ਪਹੁੰਚਦੇ ਹੀ ਕੈਲੀਫੋਰਨੀਆ ਦੇ ਸਪੇਸਐਕਸ ਮਿਸ਼ਨ ਕੰਟਰੋਲ ਵਿੱਚ ਮੌਜੂਦ ਲੋਕਾਂ ਨੇ ਤਾੜੀਆਂ ਮਾਰੀਆਂ। ਇਸ ਲਾਂਚ ਨਾਲ ਅਮਰੀਕਾ ਤੇ ਸਪੇਸ ਸਟੇਸ਼ਨ ਦੇ ਵਿੱਚ ਚਾਲਕ ਦਲ ਦੇ ਮੈਂਬਰਾਂ ਦੇ ਵਾਰੀ-ਵਾਰੀ ਆਉਣ-ਜਾਣ ਦੀ ਲੰਮੀ ਲੜੀ ਦੀ ਸ਼ੁਰੂਆਤ ਹੋਵੇਗੀ। ਅਧਿਕਾਰੀਆਂ ਨੇ ਕਿਹਾ ਕਿ ਵੱਧ ਲੋਕਾਂ ਦਾ ਮਤਲਬ ਹੈ ਕਿ ਲੈਬੋਰਟਰੀ ਵਿੱਚ ਵੱਧ ਵਿ-ਗਿਆਨਕ ਖੋਜ ਹੋਵੇਗੀ। ਅਮਰੀਕਾ ਦੇ ਉਪ ਰਾਸ਼ਟਰਪਤੀ ਅਤੇ ਰਾਸ਼ਟਰੀ ਸਪੇਸ ਪਰੀਸ਼ਦ ਦੇ ਪ੍ਰਧਾਨ ਮਾਈਕ ਪੇਨਸ ਨੇ ਨਾਸਾ ਪ੍ਰਸ਼ਾਸਕ ਜਿਮ ਬ੍ਰਿਡਨਸਟੀਨ ਦੇ ਨਾਲ ਮਿਲ ਕੇ ਲਾਂਚ ਦੇਖਿਆ।



# ਕਿੱਥੇ ਗਈਆਂ ਕੁੜੀਆਂ ਤੇ ਚਿੜੀਆਂ

-ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਅੱਜ ਦਾ ਹੋਕਾ-ਖਬਰਦਾਰ! ਕੁੜੀਓ ਤੇ ਚਿੜੀਓ ਆਪਣਿਆਂ ਤੋ ਬਚੋ। ਘਰਾਂ ਅੰਦਰ, ਸਕੂਲ ਵਿਚ, ਗੁਆਂਢ ਵਿਚ ਦਰਿੰਦੇ ਨੀਝ ਲਾਈ ਬੈਠੇ ਹਨ। ਕਦੀ ਸਮਾਂ ਸੀ ਪਿੰਡ ਦੀ ਧੀ ਭੈਣ ਇਕ ਘਰ ਦੀ ਨਹੀਂ, ਸਾਰੇ ਪਿੰਡ ਦੀ ਧੀ ਭੈਣ ਹੁੰਦੀ ਸੀ। ਅੱਜ ਕੁੜੀ ਨੂੰ ਪਿੰਡ ਵਿਚੋਂ ਹੀ ਨਹੀਂ, ਗੁਆਂਢ ਵਿੱਚੋਂ ਨਹੀਂ, ਘਰ ਅੰਦਰੋਂ ਵੀ ਖਤਰਾ ਹੈ। ਭਾਰਤੀ ਰਾਸ਼ਟਰੀ ਅਪਰਾਧ ਬਿਊਰੋ ਦੀ 2015 ਦੀ ਰਿਪੋਰਟ ਵਿਚ ਅੰਕਿਤ ਹੈ ਕਿ ਉਸ ਸਾਲ ਕੁੜੀਆਂ ਨਾਲ 34,651 ਬਲਾਤਕਾਰ ਦੇ ਕੇਸ ਸਾਹਮਣੇ ਆਏ। ਇਨ੍ਹਾਂ ਵਿੱਚੋਂ 33097 ਪੀੜਤਾਂ ਦੇ ਜਾਣੂ ਤੇ ਆਪਣੇ ਸਨ। ਜੇ ਮਾਸੂਮ ਕੁੜੀ ਨੂੰ ਘਰ ਆਏ ਰਿਸ਼ਤੇਦਾਰ ਪਾਸੋਂ ਹੀ ਖਤਰਾ ਹੈ ਜਾਂ ਨੇੜਲਿਆਂ ਤੋਂ ਖਤਰਾ ਹੈ ਤਾਂ ਦੱਸੋ, ਕੁੜੀ ਲਈ ਕਿਹੜੀ ਥਾਂ ਮਹਿਫੂਜ਼ ਹੋਈ! ਸਹਾਰਾ ਘਰਾਂ, ਧਰਮਸ਼ਾਲਾਵਾਂ, ਆਸ਼ਰਮਾਂ ਵਿੱਚ ਤਾਂ ਪਹਿਲਾਂ ਹੀ ਕਾਮੀ ਧਾੜਵੀ ਰਹਿੰਦੇ ਹਨ। ਕੁੜੀਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ।

ਮਾਂ ਦੇ ਪੇਟ ਵਿੱਚ ਆਈ ਕੰਨਿਆ ਪ੍ਰਾਹੁਣੀ, ਪੇਟ ਦੀ ਕਬਰ ਵਿੱਚ ਸਮਾ ਜਾਂਦੀ ਹੈ। ਜੇ ਪੇਟ ਤੋਂ ਬਾਹਰ ਆ ਜਾਂਦੀ ਹੈ ਤਾਂ ਮਾਦਾ ਭਰੂਣ ਗੰਦੇ ਨਾਲੇ ਵਿੱਚ ਜਾਂ ਸੁੰਨਸਾਨ ਥਾਂ ਸੁੱਟਿਆ ਜਾਂਦਾ ਹੈ। ਸੰਨ 2017 ਵਿੱਚ ਭਾਰਤ ਦੇ ਹਸਪਤਾਲਾਂ ਵਿੱਚ ਹਜ਼ਾਰਾਂ ਬੱਚੇ (ਬਹੁਤੀਆਂ ਬੱਚੀਆਂ) ਜੀਵਨ ਦਾਨੀ ਆਕਸੀਜਨ ਨਾ ਮਿਲਣ ਕਾਰਨ ਮੌਤ ਦੇ ਮੂੰਹ ਜਾ ਪਏ। ਗੋਰਖਪੁਰ ਦੇ ਬੀ ਆਰ ਡੀ ਹਸਪਤਾਲ ਵਿੱਚ 60 ਨਵਜਾਤ ਬੱਚੇ ਮੌਤ ਦੇ ਮੂੰਹ ਜਾ ਪਏ। ਨਾਸਿਕ ਦੇ ਸਿਵਲ ਹਸਪਤਾਲ ਵਿੱਚ 55 ਬੱਚੇ, ਯੂ ਪੀ ਦੇ ਫਾਰੁਖਾਬਾਦ ਦੇ ਜ਼ਿਲਾ ਹਸਪਤਾਲ ਵਿੱਚ 49 ਬੱਚੇ ਤੇ ਝਾਰਖੰਡ ਦੇ ਜਮਸ਼ੇਦਪੁਰ ਦੇ ਹਸਪਤਾਲ ਵਿੱਚ 30 ਦਿਨ ਵਿੱਚ 64 ਨਵਜਾਤ ਬੱਚੇ ਮਾਰੇ ਗਏ। ਦੇਖ ਲਵੋ ਹਸਪਤਾਲਾਂ ਦਾ ਮਾਨਵਖੋਰ ਪ੍ਰਬੰਧ।

ਮਾਂ ਪੁੱਤ ਮੰਗਦੀ ਹੈ ਤੇ ਦਾਦੀ ਪੋਤਾ। ਪੁੱਤ ਪੋਤਾ ਵੱਡਾ ਹੋ ਕੇ ਆਪਣੇ ਮਾਂ ਜਾਂ ਦਾਦੀ ਨੂੰ ਘਰੋਂ ਬਾਹਰ ਕੱਢਦਾ ਹੈ। ਧੀ ਆ ਕੇ ਆਪਣੀ ਮਾਂ ਜਾਂ ਦਾਦੀ ਨੂੰ ਆਪਣੇ ਨਾਲ ਆਪਣੇ ਸਹੁਰਿਆਂ ਦੇ ਘਰ ਪਨਾਹ ਦਿੰਦੀ ਹੈ। ਭਾਰਤ ਦੇ ਕਰੀਬ ਸਾਰਿਆਂ ਹੀ ਪ੍ਰਾਂਤਾਂ ਵਿੱਚ 1000 ਪਿੱਛੇ ਕੁੜੀਆਂ ਦੀ ਜੰਮਣ ਦਰ ਮੁੰਡਿਆਂ ਨਾਲੋਂ ਕਾਫੀ ਘੱਟ ਹੈ,



ਸਿਵਾਏ ਕੇਰਲਾ ਪ੍ਰਾਂਤ ਦੇ। ਕੇਰਲਾ ਵਿਚ 1000 ਮੁੰਡਿਆਂ ਦੇ ਪਿੱਛੇ ਕੁੜੀਆਂ ਦੀ ਦਰ 1084 ਹੈ। ਕੇਰਲਾ ਭਾਰਤ ਵਿਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਤੇ ਅਗਾਂਹ ਵਧੂ ਪ੍ਰਾਂਤ ਹੈ। 'ਨੰਨ੍ਹੀ ਛਾਂ', 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਸਰਕਾਰੀ ਨਾਅਰਿਆਂ ਦੇ ਬਥੇਰੇ ਪਾਪੜ ਵੇਲੇ ਜਾਂਦੇ ਹਨ, ਪਰ ਘਰਾਂ, ਸਕੂਲਾਂ, ਬੱਸ ਅੱਡਿਆਂ, ਸੜਕਾਂ, ਬਾਜ਼ਾਰਾਂ ਵਿਚ ਕੁੜੀਆਂ ਔਰਤਾਂ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ।

ਆਹਲਣਿਆਂ ਵਿੱਚੋਂ ਚਿੜੀਆਂ ਗਾਇਬ ਹਨ। ਘਰਾਂ ਵਿਚ ਕੁੜੀਆਂ ਦੁਬਕ ਕੇ ਬੈਠੀਆਂ ਹਨ। ਕੰਜਕਾਂ ਦੀ ਪੂਜਾ ਲਈ ਕੰਜਕਾਂ ਨਹੀਂ ਮਿਲਦੀਆਂ। ਕੋਈ ਦਿਨ ਐਸਾ ਨਹੀਂ ਹੁੰਦਾ, ਜਦੋਂ ਕਰਜ਼ੇ ਦੇ ਮਾਰੇ ਹੋਏ ਦੋ ਤਿੰਨ ਕਿਸਾਨ ਤੇ ਖੇਤ ਮਜ਼ਦੂਰ ਆਤਮ ਹੱਤਿਆ ਨਹੀਂ ਕਰਦੇ। ਕੋਈ ਦਿਨ ਐਸਾ ਨਹੀਂ ਹੁੰਦਾ, ਜਦੋਂ ਬਲਾਤਕਾਰ ਨਾ ਹੁੰਦੇ ਹੋਣ। ਧਰਮੀ ਬਾਬਲ ਆਪਣੀਆਂ ਧੀਆਂ ਨੂੰ ਬੇਖੌਫ ਮਾਹੌਲ ਦੇਣਾ ਚਾਹੁੰਦੇ ਹਨ। ਚਿੜੀਆਂ ਦਾ ਸ਼ਿਕਰਿਆਂ ਨਾਲ ਮੁਕਾਬਲਾ ਹੈ:

ਚਿੜੀਆਂ ਬਾਬਲਾ ਚਿੜੀਆਂ ਵੇ
ਚਿੜੀਆਂ, ਮੇਰੀ ਫੁਲਕਾਰੀ ਦੀਆਂ ਪਿੜੀਆਂ ਵੇ।
ਜਾ ਬਾਜ਼ਾਂ ਨਾਲ ਭਿੜੀਆਂ, ਬਾਬਲਾ ਚਿੜੀਆਂ ਵੇ।

ਕਦੀ ਚਿੜੀਆਂ ਸਾਡੇ ਪੇਂਡੂ ਜੀਵਨ ਦਾ ਹਿੱਸਾ ਹੁੰਦੀਆਂ ਸਨ। ਚਿੜੀ ਚੂਕਦੀ ਸੀ-ਪਹੁ ਫੁਟਦੀ ਸੀ। ਮਾਵਾਂ, ਦਾਦੀਆਂ ਬੱਚਿਆਂ ਲਈ ਤਵੇ ਉਤੇ ਆਟੇ ਦੀਆਂ ਚਿੜੀਆਂ ਬਣਾ ਕੇ, ਪਕਾ ਕੇ ਦਿੰਦੀਆਂ; 'ਲੈ ਪੁੱਤ, ਰੋ ਨਾ! ਲੈ ਫੜ ਚਿੜੀ।' ਚਿੜੀ ਫੜ ਕੇ ਬੱਚਾ ਬਹੁਤ ਖੁਸ਼ ਹੋ ਜਾਂਦਾ ਸੀ। ਕੱਚੇ ਘਰਾਂ ਦੀਆਂ ਛੱਤਾਂ ਸ਼ਤੀਰੀਆਂ ਤੇ ਬਾਲਿਆਂ ਦੀਆਂ ਹੁੰਦੀਆਂ ਸਨ। ਬਾਲਿਆਂ ਵਿੱਚ ਵਿਰਲਾਂ ਹੁੰਦੀਆਂ ਸਨ। ਚਿੜੀਆਂ ਇਨ੍ਹਾਂ ਵਿਰਲਾਂ ਵਿੱਚ ਆਲ੍ਹਣੇ ਬਣਾਉਂਦੀਆਂ ਸਨ। ਦਿਨ ਵਿੱਚ, ਘਰ ਵਿੱਚ ਕਈ-ਕਈ ਵਾਰ ਆਉਂਦੀਆਂ ਜਾਂਦੀਆਂ ਸਨ। 'ਚੀਂ-ਚੀਂ' ਕਰਦੀਆਂ, ਗੀਤ ਗਾਉਂਦੀਆਂ ਤੇ ਮਨ ਪਰਚਾਉਂਦੀਆਂ ਸਨ। ਬਾਹਰੋਂ ਘਾਹ ਪੱਤੇ ਲਿਆਉਂਦੀਆਂ ਸਨ। ਕੁਦਰਤ ਨਾਲ ਸਾਡੀ ਨੇੜਤਾ ਵਧਾਉਂਦੀਆਂ ਸਨ।

ਖਿੜਕੀਆਂ, ਰੌਸ਼ਨਦਾਨਾਂ ਨੂੰ ਜਾਲੀਆਂ ਨਹੀਂ ਸਨ ਲੱਗੀਆਂ ਹੁੰਦੀਆਂ। ਉਦੋਂ ਪ੍ਰਦੂਸ਼ਣ ਵੀ ਘੱਟ, ਮੱਛਰ ਵੀ ਘੱਟ ਸੀ। ਚਿੜੀਆਂ ਚੱਕਰ ਮਾਰਦੀਆਂ ਰਹਿੰਦੀਆਂ ਸਨ। ਆਂਡੇ ਦਿੰਦੀਆਂ ਸਨ। ਬੱਚੇ ਪਾਲਦੀਆਂ ਸਨ। ਬੱਚੇ ਵੱਡੇ ਹੋ ਕੇ ਉਡ ਜਾਂਦੇ ਸਨ, ਕਿਧਰੇ ਦੂਰ ਚੋਗੇ ਦੀ ਤਲਾਸ਼ ਵਿੱਚ। ਮਾਪੇ ਚਿੜਾ ਚਿੜੀ ਬੱਚਿਆਂ ਦੇ ਪਿੱਛੇ ਚਲੇ ਜਾਂਦੇ ਸਨ। ਉਡ ਜਾਂਦੇ ਕਿਧਰੇ ਦੂਰ। ਬਾਜਰੇ ਦੇ ਝੂੰਮਦੇ ਸਿੱਟਿਆਂ ਦੇ ਖੇਤਾਂ ਵੱਲ। ਆਲ੍ਹਣੇ ਉਥੇ ਛੱਡ ਜਾਂਦੇ ਸਨ। ਸਾਡੇ ਸਪੁਰਦ। ਪਿਆਰ ਦੀ ਅਗਲੀ ਰੁੱਤੇ ਚਿੜਾ ਤੇ ਚਿੜੀ ਫਿਰ ਆਉਂਦੇ ਸਨ। ਗੋਰੀ ਦੇ ਰੇਸ਼ਮੀ ਸੂਟ ਦੀਆਂ ਨਿੱਕੀਆਂ-ਨਿੱਕੀਆਂ ਕਾਤਰਾਂ ਲਿਆਉਂਦੇ ਸਨ ਦਰਜੀ ਨੂੰ ਪੁੱਛ ਕੇ। ਆਹਲਣੇ ਵਿੱਚ ਇਕ ਬਿਸਤਰਾ ਵਿਛਾਉਂਦੇ ਸਨ।

ਅੱਜ ਕੱਲ੍ਹ ਆਦਮ ਦੇ ਜਾਏ 12ਵੀਂ ਪਾਸ ਕਰਕੇ ਆਈਲੈਟਸ ਕਰਦੇ ਹਨ। ਏਜੰਟਾਂ ਰਾਹੀ ਵੀਜ਼ਾ ਖਰੀਦ ਕੇ ਸਾਗਰੀ ਹਵਾਵਾਂ ਦੇ ਸਵਾਰ ਹੋ ਜਾਂਦੇ ਹਨ। ਪੜ੍ਹਾਈ ਦੇ ਬਹਾਨੇ ਉਡ ਜਾਂਦੇ ਕੈਨੇਡਾ, ਆਸਟਰੇਲੀਆ ਰੁਜ਼ਗਾਰ ਦੀ ਖਾਤਰ, ਪੇਟ ਦੀ ਖਾਤਰ। ਪਿੱਛੇ ਰਹਿ ਜਾਂਦਾ ਹੈ ਖਾਲੀ ਘਰ, ਨਿਰਾ ਪਿੰਜਰਾ, ਖੂੰਡੀ ਦੀ ਠਕ-ਠਕ। ਸੰਘ ਦੀ ਖਰ-ਖਰ। ਬੁੱਢੇ ਮਾਂ ਬਾਪ ਦੇ ਝੋਰੇ। ਸਮੁੰਦਰੋਂ ਪਾਰ ਗਏ ਬੱਚਿਆਂ ਦੇ ਵਾਪਸ ਮੁੜਨ ਦੀ ਕਦੀ ਨਾ ਮੁੱਕਣ ਵਾਲੀ ਉਡੀਕ।

ਮੇਰੇ ਘਰ ਦੇ ਨੇੜੇ ਇਕ ਨਿੱਕਾ ਜਿਹਾ ਪਾਰਕ ਹੈ। ਸਵੇਰੇ ਇਕ ਕੋਇਲ ਦੀ ਆਵਾਜ਼ ਆਉਂਦੀ ਹੈ। ਵਿਹੜੇ ਵਿੱਚ ਖਿੜ ਜਾਂਦੀ ਹੈ ਬਹਾਰ। ਬਾਕੀ ਦਾ ਦਿਨ ਕਾਂ ਬੋਲਦੇ ਹਨ। ਕਾਂ-ਕਾਂ ਕਰਦੇ ਹਨ। ਨਿੱਕੀਆਂ-ਨਿੱਕੀਆਂ ਚਿੜੀਆਂ, ਡਰਦੀਆਂ-ਡਰਦੀਆਂ ਸ਼ਾਮ ਨੂੰ ਆਉਂਦੀਆਂ ਹਨ। ਫੁੱਲਾਂ ਉਤੇ ਬੈਠਦੀਆਂ ਹਨ। ਰਾਤ ਦਾ ਭੋਜਨ ਲੱਭਦੀਆਂ ਹਨ, ਪਰ ਅੱਜ ਕੱਲ੍ਹ ਇਹ ਚਿੜੀਆਂ ਨਹੀਂ ਆਉਂਦੀਆਂ। ਪਾਰਕ ਦੇ ਇਕ ਕੋਨੇ ਵਿੱਚ ਬਹੁਤ ਉਚਾ ਮੋਬਾਈਲ ਟਾਵਰ ਲਾ ਦਿੱਤਾ ਗਿਆ ਹੈ। ਦੂਰ ਤੱਕ ਘਾਤਕ ਤਰੰਗਾਂ ਦੀ ਮਾਰ। ਚਿੜੀਆਂ ਗਈਆਂ ਉਡਾਰੀ ਮਾਰ। ਪਾਰਕ ਵਿੱਚ ਵਿਦੇਸ਼ੀ ਰੁੱਖ ਲਾ ਦਿੱਤੇ ਗਏ। ਵਿਦੇਸ਼ੀ ਫੁੱਲ ਉਗਾ ਦਿੱਤੇ ਗਏ। ਚਿੜੀਆਂ ਦੇਸੀ ਹਨ। ਵਿਦੇਸ਼ੀ ਰੁੱਖਾਂ ਉਤੇ ਆਲ੍ਹਣੇ ਨਹੀਂ ਬਣਾ ਸਕਦੀਆਂ।

ਵਿਦੇਸ਼ੀ ਫੁੱਲਾਂ 'ਚੋਂ ਦੇਸੀ ਚੋਗਾ ਨਹੀਂ ਲੱਭ ਸਕਦੀਆਂ ਸਾਡੀਆਂ ਚਿੜੀਆਂ। ਜਦੋਂ ਰੁੱਤ, ਹਵਾ ਵਿੱਚ ਨਮੀ ਆਉਂਦੀ ਹੈ, ਉਦੋਂ ਰੁੱਤ ਤਿਉਹਾਰਾਂ ਦੀ ਹੁੰਦੀ ਹੈ। ਨਰਾਤਿਆਂ ਮਗਰੋਂ ਦੁਸਹਿਰੇ ਤੇ ਫਿਰ ਦੀਵਾਲੀ ਦਾ ਹਵਾ ਵਿੱਚ ਫੈਲਿਆ ਬਾਰੂਦੀ ਪ੍ਰਦੂਸ਼ਣ ਕਈ-ਕਈ ਮਹੀਨਿਆਂ ਤੱਕ ਹਵਾ ਵਿੱਚ ਫੈਲਿਆ ਰਹਿੰਦਾ ਹੈ। ਓਦੋਂ ਖੇਤਾਂ ਦੀ ਪਰਾਲੀ ਸਾੜੀ ਜਾਂਦੀ ਹੈ। ਘਾਤਕ ਪ੍ਰਦੂਸ਼ਣ ਨੂੰ ਰੋਕਣ ਦਾ ਯਤਨ ਨਹੀਂ ਕੀਤਾ ਜਾਂਦਾ। ਇੱਟ ਭੱਠਿਆਂ ਦੀਆਂ ਚਿਮਨੀਆਂ ਦਾ ਜ਼ਹਿਰੀ ਧੂੰਆਂ। ਕਾਰਖਾਨਿਆਂ ਤੋਂ ਬਾਹਰ ਛੱਡਿਆ ਜਾਂਦਾ ਬਿਮਾਰੀਆਂ ਭਰਿਆ ਗੰਦਾ ਪਾਣੀ, ਧੂੰਆਂ ਤੇ ਗੈਸਾਂ। ਕੋਈ ਨਹੀਂ ਰੋਕਦਾ। ਮਾਨਵ ਦਾ ਦਮ ਘੁਟਦਾ ਹੈ। ਸੋਹਲ ਚਿੜੀਆਂ ਵਿਚਾਰੀਆਂ ਕਿੱਥੇ ਜਾਣ। ਕੁੜੀਆਂ ਬਿਨਾਂ ਵਿਹੜਾ ਸ਼ਮਸ਼ਾਨ ਹੈ। ਵੀਰਾਨ ਹੈ। ਚਿੜੀਆਂ ਬਿਨਾਂ ਅਸਮਾਨ ਸੱਖਣਾ ਹੈ। ਗੂੰਗਾ ਹੈ। ਕਾਇਨਾਤ ਰੁੱਸੀ ਹੈ। ਨਾਰਾਜ਼ ਹੈ।

ਆਓ! ਕੁੜੀਆਂ ਤੇ ਚਿੜੀਆਂ ਨੂੰ ਸੁਰੱਖਿਅਤ ਜੀਵਨ ਦੇਣ ਲਈ ਮਾਹੌਲ ਪੈਦਾ ਕਰੀਏ।

# ...ਤਾਂ ਸਾਡਾ ਦਿਮਾਗ ਗਲਤ ਨੂੰ ਵੀ ਸਹੀ ਮੰਨਣ ਲੱਗਦਾ ਹੈ

-ਮੇਨਕਾ ਗਾਂਧੀ-

ਜਦੋਂ ਕੋਈ ਵਿਅਕਤੀ ਕਈ ਵਾਰ ਇੱਕੋ ਜਿਹੀ ਜਾਣਕਾਰੀ ਸੁਣਦਾ ਹੈ, ਭਾਵੇਂ ਉਹ ਕਿੰਨੀ ਬੇਤੁਕੀ ਕਿਉਂ ਨਾ ਹੋਵੇ, ਦਿਮਾਗ ਉਸ ਦੀ ਸੱਚਾਈ ਦੇ ਸੰਬੰਧ ਵਿੱਚ ਤੁਹਾਨੂੰ ਵਿਸ਼ਵਾਸ ਦਿਵਾਉਣ ਲੱਗਦਾ ਹੈ। ਵਟ੍ਹਸਐਪ ਫਾਰਵਰਡ ਕੀਤਾ ਜਾਣਾ ਇਸ ਦੀ ਸਭ ਤੋਂ ਵਧੀਆ ਮਿਸਾਲ ਹੈ, ਜਿੱਥੇ ਗਲਤ ਸੂਚਨਾ ਨੂੰ ਕਈ ਵਾਰ ਪ੍ਰਚਾਲਿਤ ਕੀਤਾ ਜਾਂਦਾ ਹੈ ਤਾਂ ਉਸ ਨੂੰ ਲੋਕ ਸੱਚ ਮੰਨਣ ਲੱਗਦੇ ਹਨ। ਇਸ ਨੂੰ 'ਭੁਲੇਖਾ ਪਾਊ ਸੱਚ' ਪ੍ਰਭਾਵ ਕਿਹਾ ਜਾਂਦਾ ਹੈ।

ਵੰਡਰਬਿਲਟ ਯੂਨੀਵਰਸਿਟੀ 'ਚ ਲਿਜ਼ਾ ਫੇਜ਼ੀਓ ਦੀ ਅਗਵਾਈ ਵਾਲੇ ਖੋਜਕਾਰਾਂ ਨੇ ਦੱਸਿਆ ਕਿ ਜਦੋਂ ਕੋਈ ਕਿਸੇ ਤੱਥ ਨੂੰ ਦੂਜੀ ਜਾਂ ਤੀਸਰੀ ਵਾਰ ਸੁਣੇ ਤਾਂ ਉਸ ਦਾ ਦਿਮਾਗ ਇਸ ਉਤੇ ਤੇਜ਼ੀ ਨਾਲ ਪ੍ਰਤੀਕਿਰਿਆ ਦਿੰਦਾ ਹੈ। ਇਸ ਤੀਬਰ ਪ੍ਰਤੀ-ਉਤਰ ਨੂੰ ਕਿਸੇ ਵਿਅਕਤੀ ਵੱਲੋਂ ਗਲਤ ਢੰਗ ਨਾਲ ਸਹੀ ਹੋਣ ਦਾ ਸੰਕੇਤ ਮੰਨਿਆ ਜਾਂਦਾ ਹੈ। ਯੈਲ ਯੂਨੀਵਰਸਿਟੀ 'ਚ ਇੱਕ ਮਨੋਵਿਗਿਆਨਕ ਪੈਨੀਕੁੱਕ ਗਲਤ ਸੂਚਨਾ ਦੇ ਪ੍ਰਚਾਰ ਦਾ ਅਧਿਐਨ ਕਰਦੇ ਹਨ, ਉਨ੍ਹਾਂ ਨੇ ਪ੍ਰਯੋਗਾਂ ਰਾਹੀਂ ਇਹ ਸਿੱਧ ਕੀਤਾ ਕਿ ਜਦੋਂ ਹਿੱਸਾ ਲੈਣ ਵਾਲਿਆਂ ਨੂੰ ਕੁਝ ਦੱਸਿਆ ਗਿਆ ਅਤੇ ਅਗਲੇ ਦਿਨ ਉਸੇ ਨੂੰ ਦੁਹਰਾਇਆ ਗਿਆ ਸੀ। ਇਸ ਭੁਲੇਖਾ ਪਾਊ ਸੱਚ ਪ੍ਰਭਾਵ ਦੇ ਸੰਬੰਧ ਵਿੱਚ ਦੁਖਦਾਈ ਸੱਚ ਇਹ ਹੈ ਕਿ ਇਹ ਸਾਡੇ ਨਾਲ ਬਿਨਾਂ ਸੋਚੇ-ਸਮਝੇ ਹੋ ਜਾਂਦਾ ਹੈ। ਜਿੱਥੋਂ ਤੱਕ ਕਿ ਜੋ ਲੋਕ ਵਿਸ਼ਿਆਂ ਦੇ ਸੰਬੰਧ ਵਿੱਚ ਜਾਣਕਾਰੀ ਰੱਖਦੇ ਹਨ, ਉਹ ਵੀ ਇਸ ਦਾ ਸ਼ਿਕਾਰ ਹੋ ਸਕਦੇ ਹਨ, ਵਿਸ਼ੇਸ਼ ਤੌਰ 'ਤੇ ਜੇ ਉਸ ਨੂੰ ਅਧਿਆਪਕ, ਡਾਕਟਰ, ਰੋਗੀ ਤੇ ਕਿਸੇ ਓਨੇ ਹੀ ਆਲਸੀ ਵੱਲੋਂ ਮੁੜ ਦੱਸਿਆ ਜਾਵੇ। ਸਾਲ 2015 ਵਿੱਚ ਫੇਜ਼ੀਓ ਅਤੇ ਸਹਿ-ਲੇਖਕਾਂ ਨੇ ਪ੍ਰਕਾਸ਼ਤ ਕੀਤੇ ਇੱਕ ਪੇਪਰ 'ਚ ਪਾਇਆ ਕਿ ਵਿਸ਼ੇ ਦੇ ਸੰਬੰਧ ਵਿੱਚ ਅਗਾਊਂ ਗਿਆਨ ਹੋਣ ਦੇ ਬਾਵਜੂਦ ਤੁਸੀਂ ਇਸ ਤੋਂ ਪ੍ਰਭਾਵਤ ਹੁੰਦੇ ਹੋ।

ਭੁਲੇਖਾ-ਪਾਊ ਸੱਚ ਪ੍ਰਭਾਵ ਦਾ ਕਈ ਦਹਾਕਿਆਂ ਤੱਕ ਅਧਿਐਨ ਕੀਤਾ ਗਿਆ ਹੈ। ਆਮ ਤੌਰ 'ਤੇ ਇਨ੍ਹਾਂ ਅਧਿਐਨਾਂ ਵਿੱਚ ਪ੍ਰਯੋਗ ਕਰਤਾ ਮੁਕਾਬਲੇਬਾਜ਼ਾਂ ਨੂੰ ਕੁਝ ਛੋਟੇ ਕਥਨਾਂ ਦੀ ਲੜੀ ਦਾ ਜਵਾਬ ਸੱਚ ਜਾਂ ਝੂਠ ਦੇ ਰੂਪ ਵਿੱਚ ਦੇਣ ਲਈ ਕਹਿੰਦੇ ਹਨ। ਕੁਝ ਘੰਟਿਆਂ, ਹਫਤੇ ਜਾਂ ਇਥੋਂ ਤੱਕ ਕਿ ਮਹੀਨਿਆਂ ਪਿੱਛੋਂ ਪ੍ਰਯੋਗ ਕਰਤਾਵਾਂ ਨੇ ਮੁਕਾਬਲੇਬਾਜ਼ਾਂ ਨੂੰ ਵਾਪਸ ਲਿਆ ਕੇ ਫਿਰ ਕੁਝ ਪ੍ਰਸ਼ਨ ਪੁੱਛੇ। ਦੂਜੀ ਵਾਰ ਕੁਝ ਕਥਨ ਨਵੇਂ ਸਨ ਅਤੇ ਕੁਝ ਪਹਿਲਾਂ ਵਾਲਿਆਂ ਨੂੰ ਦੁਹਰਾਇਆ ਗਿਆ ਸੀ। ਇਥੇ ਪ੍ਰਭਾਵ ਆਪਣੇ-ਆਪ ਦਿਸਦਾ ਹੈ। ਮੁਕਾਬਲੇਬਾਜ਼ਾਂ ਦੇ ਪਹਿਲਾਂ ਸੱਚ ਦੱਸੇ ਕਥਨ ਨੂੰ ਸੱਚ ਕਹਿਣ ਦੀ ਸੰਭਾਵਨਾ ਵੱਧ ਹੁੰਦੀ ਹੈ, ਭਾਵੇਂ ਸਹੀ ਹੋਣ ਜਾਂ ਨਾ। ਜਦੋਂ ਤੁਸੀਂ ਕਿਸੇ ਕਥਨ ਨੂੰ ਦੂਜੀ ਜਾਂ ਤੀਜੀ ਵਾਰ ਸੁਣਦੇ ਹੋ ਤਾਂ ਤੁਹਾਡਾ ਦਿਮਾਗ ਉਸ 'ਤੇ ਤੀਬਰਤਾ ਨਾਲ ਪ੍ਰਤੀਕਿਰਿਆ ਕਰਦਾ ਹੈ। ਫੇਜ਼ੀਓ ਕਹਿੰਦੇ ਹਨ ਕਿ ਤੁਹਾਡਾ ਦਿਮਾਗ ਉਸ ਨੂੰ ਬਿਨਾਂ ਝਿਜਕ ਦੇ ਸੱਚ ਹੋਣ ਦਾ ਸੰਕੇਤ ਮੰਨਦਾ ਹੈ। ਤੁਸੀਂ ਕਿਸੇ ਕਥਨ ਨੂੰ ਜਿੰਨਾ ਜ਼ਿਆਦਾ ਸੁਣੋਗੇ, ਉਸ ਦੇ ਸੱਚ ਮੰਨੇ ਜਾਣ ਦੀ ਭਾਵਨਾ ਵੀ ਓਨੀ ਹੀ ਜ਼ਿਆਦਾ ਹੋਵੇਗੀ।

ਲੋਕ ਅਕਸਰ ਸੋਮਿਆਂ ਦੀ ਜਾਇਜ਼ਤਾ ਬਾਰੇ ਸੂਚਨਾ ਦਾ ਪ੍ਰਸਾਰ ਕਰਦੇ ਹਨ। ਇੰਟਰਨੈਟ ਅਜਿਹੀਆਂ ਅਨੋਖੀਆਂ ਚੀਜ਼ਾਂ ਨਾਲ ਭਰਿਆ ਪਿਆ ਹੈ, ਜਿਸ ਨਾਲ ਤੁਹਾਡਾ ਵਜ਼ਨ ਘੱਟ ਹੋ ਜਾਏਗਾ ਜਾਂ ਜਾਦੂਈ ਵਾਲਾਂ ਦੇ ਤੇਲ ਅਤੇ ਕੈਂਸਰ ਦੇ ਇਲਾਜਾਂ ਦਾ ਤਾਂ ਕਹਿਣਾ ਕੀ। ਅਧਿਐਨਾਂ ਨੇ ਦਰਸਾਇਆ ਹੈ ਕਿ ਅਸਲ ਜਾਣਕਾਰੀ ਦੀ ਬਜਾਏ ਝੂਠੀ ਜਾਣਕਾਰੀ ਜ਼ਿਆਦਾ ਤੇਜ਼ੀ ਨਾਲ ਫੈਲਦੀ ਹੈ ਤੇ ਇਸ ਨੂੰ ਲੋਕਾਂ ਵੱਲੋਂ ਇੱਕ ਲੰਬੀ ਸਮਾਂ ਮਿਆਦ ਲਈ ਯਾਦ ਰੱਖਿਆ ਤੇ ਸਵੀਕਾਰਿਆ ਜਾਂਦਾ ਹੈ। ਇਹ ਮਿਲਣ ਵਾਲੀ ਸੂਚਨਾ ਸਾਡੇ ਵਿਸ਼ਵਾਸ ਜਾਂ ਇੱਛਾਵਾਂ ਅਨੁਸਾਰ ਹੋਣ 'ਤੇ ਵਿਸ਼ੇਸ਼ ਤੌਰ 'ਤੇ ਸੱਚ ਬਣ ਜਾਂਦੀ ਹੈ, ਜਿਵੇਂ ਕਿ ਸਾਰੀਆਂ ਸਮਾਜ ਤੇ ਆਰਥਿਕ ਸਮੱਸਿਆਵਾਂ ਲਈ ਪ੍ਰਵਾਸੀ ਜ਼ਿੰਮੇਵਾਰ ਹਨ, ਔਰਤਾਂ ਚੰਗੀਆਂ ਵਾਹਨ ਚਾਲਕ ਨਹੀਂ ਹੁੰਦੀਆਂ, ਭਾਰਤ ਦੀਆਂ ਸਾਰੀਆਂ ਸਮੱਸਿਆਵਾਂ ਲਈ ਗੋਰੇ ਜ਼ਿੰਮੇਵਾਰ ਹਨ, ਦਵਾਈਆਂ ਦੇ ਮਨੁੱਖੀ ਵਰਤੋਂ ਲਈ ਤਿਆਰ ਹੋਣ ਤੋਂ ਪਹਿਲਾਂ ਪਸ਼ੂਆਂ 'ਤੇ ਪ੍ਰੀਖਣ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਤਰ੍ਹਾਂ ਦੀਆਂ ਕਈ ਹੋਰ।

ਜਿੱਥੇ ਅਸੀਂ ਰਾਜ ਨੇਤਾਵਾਂ ਤੋਂ ਝੂਠ ਬੋਲਣ ਦੀ ਆਸ ਰੱਖਦੇ ਹਾਂ, ਉਥੇ ਕੋਈ ਵੀ ਸੱਚ ਨੂੰ ਇੰਨਾ ਵਧਾ-ਚੜ੍ਹਾ ਕੇ ਤੇ ਤੋੜ-ਮਰੋੜ ਕੇ ਪੇਸ਼ ਨਹੀਂ ਕਰਦਾ, ਜਿੰਨਾ ਤਥਾਕਥਿਤ ਵਿਗਿਆਨੀ। ਸੌ ਸਾਲਾਂ ਬਾਅਦ ਵੀ ਅਸੀਂ ਇਹ ਖੋਜਣ ਜੋਗੇ ਨਹੀਂ ਹਾਂ ਕਿ ਕੈਂਸਰ ਕਿਉਂ ਹੁੰਦਾ ਹੈ, ਉਸ ਦੇ ਇਲਾਜ ਦੀ ਗੱਲ ਹੀ ਛੱਡੋ, ਪਰ ਸਾਲ 50 ਮਿਲੀਅਨ ਤੋਂ ਵੱਧ ਪਸ਼ੂਆਂ 'ਤੇ ਪ੍ਰੀਖਣ ਸਮੇਂ 'ਤੇ ਅਖਬਾਰਾਂ 'ਚ ਛਾਪਿਆ ਜਾਂਦਾ ਹੈ ਕਿ ਇਲਾਜ ਲੱਭਣ ਵਾਲਾ ਹੈ। ਅੱਲ੍ਹੜ ਉਮਰ ਦੇ ਮੁਹਾਂਸਿਆਂ, ਆਰਥਰਾਈਟਸ, ਸ਼ੂਗਰ, ਮੋਟਾਪਾ, ਅਲਜ਼ਮਾਈਮਰ ਨਾਲ ਵੀ ਨਜਿੱਠਣ ਦੇ ਸਮਰੱਥ ਨਹੀਂ ਹੋ ਸਕੇ। ਇਨ੍ਹਾਂ 'ਚੋਂ ਸਾਰਿਆਂ ਦੀ ਗਿਣਤੀ ਵਧ ਰਹੀ ਹੈ, ਪਰ ਵਿਗਿਆਨਕ ਤੌਰ 'ਤੇ ਗਲਤ ਜਾਣਕਾਰੀ ਚਲਦੀ ਰਹਿੰਦੀ ਹੈ ਤਾਂ ਕਿ ਤਨਖਾਹ ਦੇ ਭੁਗਤਾਨ ਲਈ ਸਰਕਾਰਾਂ ਅਤੇ ਦਾਨ ਦੇਣ ਵਾਲਿਆਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਵੱਡੀਆਂ ਰਾਸ਼ੀਆਂ 'ਤੇ ਸਵਾਲ ਨਾ ਉਠ ਸਕਣ।

ਪਸ਼ੂ ਮਨੁੱਖਾਂ ਤੋਂ ਮੁਕੰਮਲ ਤੌਰ 'ਤੇ ਵੱਖ ਹੁੰਦੇ ਹਨ-ਸਰੀਰਕ ਰਚਨਾ, ਜੀਨ ਅਤੇ ਪਾਚਨ ਤੰਤਰ ਦੇ ਤੌਰ 'ਤੇ -ਇਥੋਂ ਤੱਕ ਕਿ ਉਨ੍ਹਾਂ ਦੇ ਮੁੱਢਲੇ ਸੈੱਲ ਢਾਂਚੇ ਵੀ। ਜੇ ਕੋਈ ਦਵਾਈ ਜਾਂ ਪ੍ਰਕਿਰਿਆ ਕਿਸੇ ਪਸ਼ੂ 'ਤੇ ਪ੍ਰਭਾਵੀ ਜਾਂ ਸੁਰੱਖਿਅਤ ਹੁੰਦੀ ਹੋਵੇ, ਇਸ ਦੇ ਮਨੁੱਖਾਂ 'ਤੇ ਉਲਟ ਪ੍ਰਭਾਵ ਹੋ ਸਕਦੇ ਹਨ। ਵੱਧ ਮਹੱਤਵਪੂਰਨ ਇਹ ਹੈ ਕਿ ਮਨੁੱਖਾਂ 'ਚ ਰੋਗ ਕੁਦਰਤੀ ਤੌਰ 'ਤੇ ਹੁੰਦੇ ਹਨ, ਜਦ ਕਿ ਪਸ਼ੂਆਂ 'ਤੇ ਕੀਤੇ ਪ੍ਰਯੋਗਾਂ ਨਾਲ ਉਸ ਪਸ਼ੂ 'ਚ ਰੋਗ ਨਕਲੀ ਤੌਰ 'ਤੇ ਲਿਆਂਦਾ ਜਾਣਾ ਸ਼ਾਮਲ ਹੁੰਦਾ ਹੈ, ਜੋ ਬਿਲਕੁਲ ਗਲਤ ਹੈ। ਅਮਰੀਕ ਫੈਡਰਲ ਏਜੰਸੀ ਫਾਰ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਪਸ਼ੂ ਪ੍ਰੀਖਣਾਂ ਵਿੱਚ ਸਫਲ ਐਲਾਨੀਆਂ 10 'ਚੋਂ 9 ਦਵਾਈਆਂ ਮਨੁੱਖਾਂ 'ਤੇ ਅਸਫਲ ਰਹਿੰਦੀਆਂ ਹਨ।

ਇਸ ਦਾ ਦੂਜਾ ਪਹਿਲੂ ਓਨਾ ਹੀ ਖਤਰਨਾਕ ਹੈ-ਅਜਿਹੀਆਂ ਦਵਾਈਆਂ ਹਨ, ਜੋ ਪਸ਼ੂ ਪ੍ਰੀਖਣ 'ਚ ਅਸਫਲ ਹੋ ਜਾਂਦੀਆਂ ਹਨ, ਪਰ ਮਨੁੱਖਾਂ ਲਈ ਬਹੁਤ ਉਪਯੋਗੀ ਹੋ ਸਕਦੀਆਂ ਸਨ। ਮਿਸਾਲ ਵਜੋਂ ਬਹੁਤ ਜ਼ਿਆਦਾ ਪ੍ਰਭਾਵੀ ਦਵਾਈ ਪੈਂਸਲੀਨ ਨੂੰ ਚੂਹਿਆਂ, ਖਰਗੋਸ਼ਾਂ 'ਤੇ ਪ੍ਰਭਾਵ-ਰਹਿਤ ਪਾਇਆ ਗਿਆ ਅਤੇ ਗਿਨੀਪਿਗ ਤੇ ਹੈਮਸਟਰ 'ਤੇ ਇਸ ਦੇ ਘਾਤਕ ਪ੍ਰਭਾਵ ਹੋਏ ਸਨ। ਵਿਗਿਆਨੀ ਇਸ ਨੂੰ ਛੱਡਣ ਦੀ ਤਿਆਰੀ ਕਰ ਰਹੇ ਸਨ, ਪਰ ਉਸ ਸਮੇਂ ਪਸ਼ੂ ਪ੍ਰੀਖਣ 'ਚ ਸਫਲ ਹੋਣਾ ਜ਼ਰੂਰੀ ਨਹੀਂ ਸੀ। ਇਸ ਲਈ ਇਸ ਦਾ ਸਿੱਧਾ ਮਨੁੱਖਾਂ 'ਤੇ ਪ੍ਰੀਖਣ ਕੀਤਾ ਗਿਆ ਅਤੇ ਇਸ ਨੇ ਮਨੁੱਖੀ ਕਲਿਆਣ ਲਈ ਐਂਟੀਬਾਇਓਟਿਕਸ ਦੀ ਇੱਕ ਸਮੁੱਚੀ ਲੜੀ ਨੂੰ ਖੋਲ੍ਹ ਦਿੱਤਾ, ਕਿਉਂਕਿ ਵਿਗਿਆਨੀ ਪਸ਼ੂ ਪ੍ਰੀਖਣ ਦੇ ਸੰਬੰਧ ਵਿੱਚ ਕਾਫੀ ਜ਼ਿੱਦੀ ਹੁੰਦੇ ਹਨ, ਅਜਿਹੇ ਕਈ ਸੰਭਾਵੀ ਇਲਾਜ ਹੋ ਸਕਦੇ ਹਨ, ਜੋ ਸਾਡੇ ਤੱਕ ਪਹੁੰਚੇ ਹੀ ਨਹੀਂ।

ਵਿਗਿਆਨੀ, ਯੂਨੀਵਰਸਿਟੀਆਂ ਤੇ ਵੱਡੀਆਂ ਦਵਾ ਕੰਪਨੀਆਂ ਇਸ ਵਿਸ਼ਵਾਸ ਨੂੰ ਉਤਸ਼ਾਹ ਦੇ ਰਹੇ ਹਨ ਕਿਉਂਕਿ ਇਹ ਉਨ੍ਹਾਂ ਦੀ ਵਿਆਪਕ ਖੋਜ ਵਿੱਤ-ਪੋਸ਼ਣ ਨੂੰ ਹਾਸਲ ਕਰਨ 'ਚ ਸਹਾਇਤਾ ਕਰਦਾ ਹੈ ਅਤੇ ਉਨ੍ਹਾਂ ਦੀ ਗੈਰ-ਸਰਕਾਰੀ ਤੇ ਗੈਰ-ਕੁਸ਼ਲਤਾ ਨੂੰ ਲੁਕੋ ਲੈਂਦਾ ਹੈ। ਇਹ ਯੁੱਗ ਕਿਸੇ ਵੀ ਹੋਰ ਯੁੱਗ ਦੀ ਤੁਲਨਾ 'ਚ ਸੂਚਨਾ ਦੀ ਬਹੁਤਾਤ ਦਾ ਸ਼ਿਕਾਰ ਹੈ, ਜੋ ਸਾਨੂੰ ਵੇਰਵੇ ਦੇਖਣ ਦਾ ਬਹੁਤ ਘੱਟ ਸਮਾਂ ਦਿੰਦਾ ਹੈ।








NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

FREE ASSIGNMENT

PERMISSION TO LEASE DURING OCCUPANCY

CAPPED DEVELOPMENT CHARGERS

QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.

Grewalhomes.com

Jagdish Grewal
Sales Representative

416 877-6464
or E-mail Jagdish@grewalhomes.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED
## ਕਾਮਿਆਂ ਦੀ ਲੋੜ
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, **Air Distribution Products** ਦੀ **Leading Manufacture company HVAC Industry** ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : **Day** ਅਤੇ **Afternoon Available** ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202


## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

Jagdish Grewal
Sales Representative

Residential | Commercial | Investment
(416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348


A/Z CITY DRIVER WANTED
INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton


Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Finish Basement $1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6


AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1


HOMELIFE SILVERCITY Realty Inc. Brokerage
Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com


### CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com


PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL:416-822-2590
Ants, Wasp, Centepede, Fleas, Bed Bugs



You can Place Your Business Here
(905)793-2202
To Reach Wider Audience


## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844**
**Email : matchjatt2018@gmail.com**

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Marriage
## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654


UPPAL LAW

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

AVTAR UPPAL
Manager

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

